ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਪੂਰਨ ਜੋਤ ਜਗੈ ਘਟ ਮੈ

300

1999 ਖਾਲਸਾ ਸਾਜਨਾ ਦਿਵਸ

## ਤਬ ਖਾਲਸਾ ਤਾਹਿ ਨਖਾਲਸ ਜਾਨੈ ॥

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧ ਆਵਣ ਜਾਣ ਰਹੇ ਮਿਲੇ ਸਾਧਾ॥ | ੧ | ੮ ਵਾਹੁ ਵਾਹੁ ਦਸਮੇਸ ਪਿਤਾ (ਕਵਿਤਾ) | ੨੬ |
| ੨ ਖਾਲਸਾ | ੪ | ੯ ਖਾਲਸੇ ਦੀ ਗੁਰਤਾ | ੨੭ |
| ੩ ਖਾਲਸੇ ਮਹਿ ਹੌ ਕਰੌ ਨਿਵਾਸ | ੧੦ | ੧੦ ਸਿੱਖੀ ਸੰਵਿਧਾਨ | ੩੦ |
| ੪ ਅੰਮ੍ਰਿਤ ਦੀ ਮਹਿਮਾ (ਕਵਿਤਾ) | ੧੪ | ੧੧ ਖਾਲਸੇ ਦੀ ਸਾਜਨਾ (ਕਵਿਤਾ) | ੩੧ |
| ੫ ੧੬੯੯ ਦੀ ਕਰਾਮਾਤੀ ਵੈਸਾਖੀ | ੧੫ | ੧੨ ਦਸਮ ਦੁਆਰ | ੩੨ |
| ੬ ਵੈਸਾਖੀ ਅਤੇ ੧੬੯੯ ਦੀ ਵੈਸਾਖੀ ਦੀ ਸਿਰਜਨਾ | ੧੯ | ੧੩ ਕਰਮ ਫਿਲਾਸਫ਼ੀ | ੩੫ |
| ੭ ਖਾਲਸਾ : ਸੰਕਲਪ ਅਤੇ ਸੰਸਥਾ | ੨੧ | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਵੈਸਾਖੀ | ੧੪ ਅਪ੍ਰੈਲ |
| ਜੋਤੀ ਜੋਤਿ ਪਾਤਸ਼ਾਹੀ ਦੂਜੀ ਅਤੇ ਅਠਵੀਂ | ੧੬ ਅਪ੍ਰੈਲ |
| ਗੁਰਗੱਦੀ ਪਾਤਸ਼ਾਹੀ ਤੀਜੀ ਅਤੇ ਨੌਵੀਂ | ੧੬ ਅਪ੍ਰੈਲ |
| ਪ੍ਰਕਾਸ਼ ਪਾਤਸ਼ਾਹੀ ਦੂਜੀ ਅਤੇ ਨੌਵੀਂ | ੧੮ ਅਪ੍ਰੈਲ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ' ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਅੰਕੜਾਂ ਨੂੰ ਮੁੱਖ ਰੱਖਦਿਆ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ॥

ਹਰ ਤਰਾਂ ਦਾ ਚੰਦਾ ਜਾ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ, ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਵਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥਾ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ), ਡੀ-੯੩, ਬਲਾਕ-੧੦, ਪਾਹਵਾ ਰੋਡ, ਲੁਧਿਆਣਾ ਫੋਨ : 543591


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੩
ਅਪ੍ਰੈਲ ੧੯੯੯
ਅੰਕ ੪

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ਼ : 40 ਰੁ. ਵਿਦੇਸ਼ :ਸਮੁੰਦਰੀ ਡਾਕ.....140 ਰੁ. ਹਵਾਈ ਡਾਕ.......400ਰੁ.

**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ 400 ਰੁ. ਵਿਦੇਸ :ਸਮੁੰਦਰੀ ਡਾਕ.. 1400ਰੁ. ਹਵਾਈ ਡਾਕ.....4,000ਰੁ.

**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ,
ਲੁਧਿਆਣਾ - 141002 ਟੈਲੀਫੋਨ : 0161-428194 (ਇੱਕ ਕਾਪੀ .... 5.00)

Sura-Internet passward- WWW.SURA-INTERNATIONAL.COM

## ਆਵਣ ਜਾਣ ਰਹੇ ਮਿਲੇ ਸਾਧਾ॥

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ॥ ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ॥੧॥ ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ॥ ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ॥੧॥ ਰਹਾਉ॥ ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ॥ ਕੋਈ ਐਸੋ ਰੇ ਭੇਟੈ ਸੰਤ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥ ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥੩॥ ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁਲਾਏ ਘਰ ਕੋ ਠਾਕੁਰੁ ਤਿਲੁ ਨਾ ਮਾਨੈ॥ ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਤਾ ਮਨੁ ਇਸਨਾਨੈ ॥੪॥ ਸਗਲ ਆਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕ ਹੀਨ ਹੋਏ॥ ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ॥੫॥ ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ॥ ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥ ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ॥ ਕੋਈ ਐਸੋ ਰੇ ਸੁਖਹਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ॥੭॥ ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ॥ ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤ॥੮॥ ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥੧॥ਰਹਾਉ ਦੂਜਾ ॥੧॥੩॥ (ਧਨਾਸਰੀ ਮ: ੫ ਘਰੁ ੬ ਅਸਟ: ਪੰਨਾ ੬੮੬-੮੭)



www.AKJ.Org

ਵਿਆਖਿਆ :- ਜੋ ਜੋ ਜੀਵ ਜੂਨੀ ਵਿਚਿ ਜਨਮ ਮਰਨ (ਆਵਾਗਉਣ) ਦੇ ਗੇੜ ਵਿਚਿ ਪੈ ਗਿਆ, ਸੋ ਸੋ ਸਮਝੋ ਏਸ ਗੇੜ ਦੇ ਉਲਝੇਵੇਂ ਵਿਚਿ ਉਲਝ ਗਿਆ। ਇਹ ਮਾਨੁਖਾ ਜਨਮ ਤਕੜੇ ਗੇੜ ਪਿਛੋਂ ਮਸਾ ਸੰਜੋਗਾਂ ਨਾਲਿ (ਭਾਗਾਂ ਨਾਲਿ) ਮਿਲਦਾ ਹੈ। ਇਸ ਮਾਨੁਖਾ ਜਨਮ ਨੂੰ ਭੀ ਜੋ ਐਵੇਂ ਅਕਾਰਥ ਹੀ ਗਵਾ ਲੈਂਦੇ ਹਨ ਉਹ ਬੜੇ ਅਭਾਗੇ ਹਨ। ਏਹ ਮਾਨੁਖਾ ਜਨਮ ਉਹਨਾਂ ਵਡਭਾਗੇ ਜਨਾ ਦਾ ਹੀ ਲੇਖੇ ਲਗਦਾ ਹੈ ਜਿਨ੍ਹਾਂ ਨੇ ਗੁਰੂ ਘਰ (ਗੁਰੂ ਨਾਨਕ ਦੇ ਘਰ) ਦੀ ਸਾਧ ਸੰਗਤਿ ਦੀ ਓਟ ਤੱਕੀ ਹੈ। ਵਾਹਿਗੁਰੂ (ਹਰਿ ਰਾਇ) ਦੀ ਜਿਨ੍ਹਾਂ ਉਤੇ ਅਪਾਰ ਕਿਰਪਾ ਹੁੰਦੀ ਹੈ ਤਿਨ੍ਹਾਂ ਨੂੰ ਹੀ ਗੁਰੂ ਸਾਧ ਸੰਗਤਿ ਦਾ ਮਿਲਾਪ ਹੁੰਦਾ ਹੈ। ਵਾਹਿਗੁਰੂ ਹੱਥ ਦੇ ਕੇ ਤਿਨ੍ਹਾਂ ਨੂੰ ਗੁਰ ਸਾਧ ਸੰਗਤਿ ਦੀ ਓਟ ਵਿਚਿ ਹੀ ਰਖਦਾ ਹੈ, ਤਿਨ੍ਹਾਂ ਦੇ ਸਿਰ ਤੇ ਹੱਥ ਦੇਕੇ। ਭੂਤ ਭਵਿਖਤ ਦੇ ਦਾਨੀ (ਜਾਣੂ) ਅੰਤਰ-ਯਾਮੀ ਗੁਰੂ ਨਾਨਕ ਪੰਚਮੇਸ਼ ਸਾਹਿਬ ਭੀ ਤਿਨ੍ਹਾਂ ਗੁਰਮੁਖਾਂ ਤੇ ਤੁਠ ਕੇ, ਤਿਨ੍ਹਾਂ ਨਮਿਤ ਇਹੀ ਅਰਦਾਸ ਕਰਿ ਰਹੇ ਹਨ (ਧੁਰਿ ਸਚਖੰਡ ਵਿਚਿ ਬੈਠੇ) ਕਿ ਹੇ ਵਾਹਿਗੁਰੂ ! ਗੁਰੂ ਸਾਧ ਸੰਗਤਿ ਦੀ ਸ਼ਰਨੀ ਆਇਆਂ ਨੂੰ ਸਦਾ ਸੰਗਤਿ ਦੀ ਓਟ ਵਿਚਿ ਹੀ ਰਖੋ। ਇਸ ਕਰਕੇ ਕਰਤਾਰ ਜਰੂਰ ਸ਼ਰਨਿ ਆਇਆ ਦੀ ਲਾਜ ਰਖਦਾ ਹੈ। ਐਸੇ ਕਿਰਪਾ ਦੇ ਪਾਤਰ ਉਤਮ ਜਗਿਆਸੂ ਜਨ ਭੀ ਗੁਰ ਸੁਮਤੇ ਪਏ ਹੋਏ ਇਸ ਪ੍ਰਕਾਰ ਦੀਆਂ ਜੋਦੜੀਆਂ ਕਰਦੇ ਹਨ। ਗੁਰੂ ਸਾਹਿਬ ਇਹ ਜੋਦੜੀਆ ਕਰਨੀਆਂ ਉਹਨਾ ਨੂੰ ਸਮਝਾਉਂਦੇ ਹਨ ਕਿ ਅਨੇਕਾਂ ਜਨਮਾਂ ਵਿਚਿ ਭਉਂਦਿਆ ਭਰਮਦਿਆਂ ਭਟਕਦਿਆਂ ਨੂੰ ਇਸ ਆਵਾਗਉਣ ਦੇ ਗੇੜ ਤੋਂ ਥੰਮ ਨਹੀਂ ਪਿਆ। ਹੁਣ ਮਾਨਸ ਜਨਮ ਸੰਜੋਗੀ ਪਾਇਆ ਹੈ। ਇਸ ਜਨਮ ਵਿਚਿ ਹੇ ਕਰਤਾਰ ! ਮੈਂ ਗੁਰੂ ਦੀ ਸੇਵਾ ਕਰਦਾ ਹੀ ਰਹਾਂ, ਅਤੇ ਗੁਰੂ ਘਰ ਦੀ ਸਾਧ ਸੰਗਤਿ ਦੇ ਚਰਨੀ ਲਗਿਆ ਹੀ ਰਹਾਂ। ਜਾਂਤੇ ਗੋਬਿੰਦ ਜੀ ਦਾ ਮਾਰਗ ਦਸਾ ਹੀ ਲਵਾਂ। ਇਹ ਮਾਨਸ ਜਨਮ ਪਾ ਕੇ ਭੀ ਮਤੇ ਆਨਮਤ ਧਰਮਾਂ ਦੇ ਹੋਰਸ ਕਰਮਾਂ ਨੂੰ ਕਰਨ ਦੇ ਅਨੇਕਾਂ ਉਪਾਵਾਂ ਵਿਚਿ ਲਗਣ ਦੇ ਵਹਿਣ ਵਿਚਿ ਰੁੜ੍ਹ ਜਾਵਾਂ, ਕਿਉਂਕਿ ਆਨਮਤ ਧਰਮ ਕਰਮੀ ਉਪਾਵ ਤਾਂ ਮਹਿਜ਼ ਮਾਇਆ ਮਮਤਾ ਦੇ ਮਨਸਾ-ਹੋੜਨੀ ਉਪਾਵ ਹੀ ਹਨ। ਜੋ ਫੇਰ ਚੁਰਾਸੀ ਦੇ ਗੇੜ੍ਹ ਵਿਚਿ ਰੁੜ੍ਹਾ ਲੈ ਜਾਂਦੇ ਹਨ।

ਇਹਨਾਂ ਮਮਤਾ ਮਈ ਕਰਮਾ ਵਿਚਿ ਲਗੇ ਹੋਇਆਂ ਦੀ ਮੇਰੀ ਮੇਰੀ ਕਰਦਿਆਂ ਹੀ ਸਾਰੀ ਉਮਰ ਵਿਹਾ ਜਾਂਦੀ ਹੈ। ਇਹ ਸਾਰੀ ਮੇਰੀ ਚਿੰਤਾ ਲਾਹੁਣ ਵਾਲਾ ਅਤੇ ਚਿੰਤਾ ਲਾਹ ਕੇ ਠਾਕੁਰ ਸਿਉਂ ਰੰਗ ਲਾਉਣ ਵਾਲਾ ਸੰਤ-ਗੁਰੂ ਗੁਰੂ ਨਾਨਕ ਹੀ ਹੈ, ਜੋ ਆਪਨਿਆਂ ਗੁਰ ਬਿਸਮੇਸ ਜਾਮਿਆ ਅੰਦਰਲੀ ਪਾਰਸ-ਕਲਾ ਭੇਟ (ਸਪਰਸ਼) ਦੁਆਰਾ ਜਗਿਆਸੂ ਜਨਾਂ ਨੂੰ ਪਾਰਸ ਰੂਪ ਹੀ ਬਣਾ ਲੈਂਦਾ ਹੈ। ਅਤੇ ਗੁਰੂ ਘਰ ਦੀ ਪਾਰਸ ਸ਼ਕਤਿ ਵਾਲੀ ਪੰਚ ਪਰਵਾਨ ਪੰਚ ਪਰਧਾਨ ਜਨਾਂ ਦੀ ਸੁਮਤਿ ਵਿਚਿ ਮੇਲੀ ਰਖਣ ਕਰਕੇ ਉਤਮ ਅਤੇ ਅਧਿਕਾਰੀ ਜਗਿਆਸੂ ਜਨਾ ਦੇ ਬੇੜੇ ਪਾਰ ਕਰ ਦਿੰਦਾ ਹੈ॥ ੨॥

ਸਾਰੇ ਅਤੇ ਸਮੂਚੇ ਬੇਦ ਅਖਰ ਅਖਰ ਕਰ ਕੇ ਪੜ੍ਹ ਕੇ ਘੋਖ ਲਏ। ਪਰ ਏਹਨਾਂ ਬੇਦਾਂ ਦੇ ਘੋਖਣ ਕਰਮੋਖਣ ਕਰ ਕੇ ਮਨ ਦੇ ਭਰਮ ਭੇਦ ਨਾ ਚੁਕੇ ਗਏ। ਮਨ ਅੰਦਰਲੇ ਪੰਜ ਚੋਰ( ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਇਕ ਖਿਨ ਮਾਤਰ ਭੀ ਨਾ ਵਰਜਿ ਰਹਾਏ ਗਏ। ਇਹ ਤਾਂ ਮੋਹ ਮਾਇਆ ਤੋਂ ਨਿਰਲੇਪ ਗ੍ਰਿਹਸਤ ਉਦਾਸ ਗੁਰੂ ਘਰ ਦੇ ਗੁਰਮੁਖ ਭਗਤ ਜਨ ਏਹ ਪੰਚ ਪਰਧਾਨ ਜਨ ਹੀ ਹਨ, ਜੋ ਅੰਮ੍ਰਿਤ-ਸਿੰਚਾਰ ਦੁਆਰਾ ਪੰਜਾ ਦੇ ਗੁਰੂ ਰੂਪ ਸਰੂਪ ਵਿਚਿ ਅਧਿਕਾਰੀ ਜਗਿਆਸੂ ਜਨ ਦੇ ਹਿਰਦੇ ਅੰਦਰਿ ਅੰਮ੍ਰਿਤ ਨਾਮੁ ਨੂੰ ਸਿੰਚ ਕੇ ਪਾਰਸ ਰਸਾਇਣੀ ਕਲਿਆਣ ਮੋਖ ਪਰਦਾਨ ਕਰ ਦਿੰਦੇ ਹਨ। ਇਹ ਗੁਰਮਤਿ ਨਾਮ ਦ੍ਰਿੜਾਉਂਦੇ ਹਨ। ਜਿਸ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮ ਦੀ ਪਾਰਸ-ਕਲਾ ਦੁਆਰਾ ਉਹਨਾਂ ਦਾ ਕਲਿਆਣ-ਮਈ ਉਧਾਰ ਹੋ ਜਾਂਦਾ ਹੈ ਅਤੇ ਉਹ ਮੋਖ ਦੁਆਰੀਏ ਹੋ ਜਾਂਦੇ ਹਨ। ਨਹੀਂ ਤਾਂ ਬੇਦਾਂ ਦੇ ਦਸੇ ਦ੍ਰਿੜ੍ਹਾਏ ਆਨਮਤ ਕਰਮਾਂ ਦੇ ਕੀਤਿਆਂ ਕੁਛ ਨਹੀਂ ਬਣਦਾ ਸਰਦਾ॥੩॥

ਹੋਰ ਜਿਤਨੇ ਭੀ ਆਨਮਤੀ ਤੀਰਥਾਂ ਦੇ ਇਸ਼ਨਾਨ ਮਜਨੀ ਕਰਮ ਕੋਈ ਆਨਮਤੀ ਕਰੇ ਤਿਨ੍ਹਾਂ ਦੇ ਕੀਤਿਆਂ, ਅਰਥਾਤ ਤਿਨ੍ਹਾਂ ਤੀਰਥਾਂ ਵਿਚਿ ਨਾਤਿਆਂ ਅਗਲੀ ਮੈਲ ਤਾਂ ਕੀ ਉਤਰਨੀ ਸੀ ਸਗੋਂ ਹੋਰ ਦੂਣੀ ਤਿਗਣੀ

ਚਉਗਣੀ ਦਸਗੁਣੀ ਮੈਲ ਅਹੰਬੁਧ ਮਤਸਰ ਦੀ ਲਗ ਜਾਂਦੀ ਹੈ। ਨਾ ਹੀ ਇਹਨਾਂ ਤੀਰਥ ਮਜਨੀ ਕਰਮਾਂ ਦੇ ਕੀਤਿਆਂ ਘਟਿ ਘਟਿ ਮਾਤਰ ਭੀ ਨਹੀਂ ਪਤੀਜਦਾ। ਤਾਂ ਤੇ ਵਡੇ ਭਾਗਾਂ ਕਰ ਕੇ ਗੁਰੂ ਘਰ ਦੇ ਗੁਰਮੁਖ ਭਗਤ ਜਨਾਂ ਦੀ ਸਾਧ ਸੰਗਤਿ ਕਰਨੀ ਨਸੀਬ ਹੋਵੇ ਜਾਂ ਤੇ ਵਾਹਿਗੁਰੂ ਨਾਮ ਦੇ ਰੰਗਾਂ ਵਾਲਾ ਸਦ-ਸਦੀਵੀ ਅਨੰਦ ਪ੍ਰਾਪਤਿ ਹੋਵੇ ਅਤੇ ਸਦਾ ਪ੍ਰਾਪਤਿ ਰਹੇ ਅਤੇ ਪ੍ਰਚੰਡ ਗਿਆਨ ਰੂਪੀ ਇਸ਼ਨਾਨ ਸੇਤੀ ਮਨ ਇਸ਼ਨਾਨਿਆ ਮਜਨਾਨਿਆ ਜਾਵੇ। ਸਦਾ ਉਜਲਾ ਅਤੇ ਰੌਸ਼ਨ ਮੁਨੱਵਰੀ ਨੂਰ ਵਾਲਾ ਹੋ ਜਾਵੇ। ਪਾਰਬ੍ਰਹਮ ਦੇ ਰੰਗ-ਰਤੜੇ ਮਹਾਂ ਪੁਰਸ਼ਾਂ ਗੁਰਮਤਿ ਗਿਆਨ ਸੁਰਤੀਸ਼ਰਾ ਦੇ ਪੁੰਜ ਢੋਏ ਦਾ ਵਸਲ ਹੋਵੇ, ਜੋ ਮਨ ਦੀ ਦੁਰਮਤਿ ਮੈਲ ਨੂੰ ਹੀ ਧੋ ਸਿਟੇ॥ ੫॥

ਆਨਮਤ ਕਰਮ ਧਰਮ ਦੀਆਂ ਅਨੇਕਾਂ ਜੁਗਤੀਆਂ ਦੁਆਰਾ ਵਾਹਿਗੁਰੂ ਦੇ ਨਾਲਿ ਨਿਮਖ ਭਰ (ਭੋਰੀ ਮਾਤਰ) ਭੀ ਪ੍ਰੇਮ-ਨਾਤਾ ਨਹੀਂ ਜੁੜਦਾ, ਸਗੋਂ ਕਰਮਾਂ ਦੇ ਕਰਨ ਕਰਿ ਗਰਬ ਗੁਮਾਨ ਹੀ ਵਧਦਾ ਹੈ। ਗਰਬ ਕੀਤਿਆਂ ਗਰਬ-ਜੋਨੀਆਂ ਵਿਚਿ ਹੀ ਪਾਈਦਾ ਹੈ ਅਤੇ ਗਰਬ ਕੀਤਾ ਰਾਸਿ ਨਹੀਂ ਆਉਂਦਾ। ਗਰਬ-ਗੁਸੇ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਇਹ ਗੁਰਮਤਿ ਸਿਫਤਿ ਸਾਲਾਹ ਦੇ ਸੱਚੇ ਮਾਰਗ ਰਾਹ ਵਾਲਾ ਕਰਮ ਹੀ ਹੈ, ਜਿਸ ਵਿਚਿ ਰੱਤਾ ਹੋਇਆ ਗੁਰਮੁਖ ਜਨ ਸਦਾ ਕੀਰਤਨ -ਕਲਾ ਦੀ ਅੰਮ੍ਰਿਤ ਰਸਾਇਣੀ ਪਾਰਸ ਸਪਰਸ਼ੀ ਛੋਹ ਨਾਲਿ ਸਫਲ ਮੂਰਤਿ ਅਕਾਲ ਪੁਰਖ ਨੂੰ ਭੇਟ ਲੈਂਦਾ ਹੈ ਅਤੇ ਆਪਣੇ ਦਿੱਬ ਦ੍ਰਿਸ਼ਟੇ ਇਹਨਾਂ ਨੈਣਾਂ ਨਾਲਿ ਹੀ ਦੇਖਿ ਲੈਂਦਾ ਹੈ ॥੬॥

ਇਹ ਤਾਂ ਹੈ ਗੁਰਮਤਿ ਕਰਮ ਦੀ ਸਹਿਜ ਕਮਾਈ ਦਾ ਪਰਤਾਪ; ਹੋਰ ਮਨ ਹਠ ਕਰਕੇ ਜਿਤਨੇ ਭੀ ਕਰਮ, ਆਨਮਤ ਕਰਮ ਕੀਤੇ ਕੱਤਰੇ ਕਮਾਏ ਕਮੱਤਰੇ ਜਾਂਦੇ ਹਨ ਉਹ ਤਿਲ ਮਾਤਰ ਭੀ ਸੁਲੇਖੇ ਨਹੀਂ ਪੈਂਦੇ। ਜਿਹੜੇ ਆਨਮਤਿ ਇੰਦਰੇ-ਦਮਨੀ, ਮੈਡੀਟੇਸ਼ਨੀ ਮਨ-ਉਕਤ ਹਠ-ਯੋਗ ਭੇਖਨੀ ਬਗਲ ਸਮਾਧੀਆਂ ਲਾ ਲਾ ਕੇ ਧਿਆਨ ਜਮਾਉਂਦੇ ਹਨ, ਉਹ ਭੀ ਐਵੇਂ ਨਿਸਫਲ ਹੀ ਜਾਂਦੇ ਹਨ, ਕਿਉਂਕਿ ਅੰਤੀ ਅਭਿਪਰੇ ਅੰਦਰਿ ਮਾਇਆ ਰੁਚੀ ਵਾਲੀ ਧਾਰਨਾ ਹੀ ਹੁੰਦੀ ਹੈ। ਐਸੇ ਵਿਰਲੇ ਹੀ ਸੁਖਹਦਾਈ ਗੁਰਮੁਖ ਜਨ ਹੁੰਦੇ ਹਨ ਜੋ ਵਾਹਿਗੁਰੂ ਦੇ ਜਨਮ ਦੀ ਅਕਥ ਕਥਾ ਅਤੇ ਗੁਰਬਾਣੀ ਦਾ ਅਖੰਡ ਕੀਰਤਨ ਸੁਣਾਉਂਦੇ ਹਨ। ਜਿਨ੍ਹਾ ਦੇ ਮਿਲਿਆਂ (ਭੇਟਿਆਂ) ਜਗਿਆਸੂ ਜਨ ਦੀ ਗਤਿ ਕਲਿਆਣ ਹੁੰਦੀ ਹੈ। ਐਸੇ ਗੁਰਮੁਖ ਜਨ ਗੁਰੂ ਘਰ ਵਿਖੇ ਹੀ ਪਾਏ ਜਾਂਦੇ ਹਨ ॥੭॥

ਸਭ ਦਾ ਪ੍ਰਤਿਪਾਲਕ ਸਾਰੀ ਸ੍ਰਿਸ਼ਟੀ ਦਾ ਮਾਲਕ ਕਰਤਾ ਪੁਰਖ ਕਰਤਾਰ ਵਾਹਿਗੁਰੂ ਸੁਪ੍ਰਸੰਨ ਹੋਵੇ, ਆਪਣੀ ਨਦਰ ਮੇਹਰ ਕਰੇ ਅਤੇ ਮਾਇਆ ਦੇ ਬੰਧਨ ਕੱਟ ਦੇਵੇ। ਗੁਰੂ ਦੇ ਸ਼ਬਦ ਵਿਚਿ ਮਨ ਨੂੰ ਰੰਗ ਕੇ ਕਰਤਾ ਪੁਰਖ ਮਾਇਆ ਦੇ ਬੰਧਨ ਕਟਦਾ ਹੈ। ਫੇਰ ਤਾਂ ਬਸ। ਸਦਾ ਸਦਾ ਆਨੰਦ ਹੀ ਆਉਂਦਾ ਹੈ। ਨਿਰਭੈ ਗੋਬਿੰਦ ਦੇ ਪਰਤੱਖ ਦਰਸ਼ਨ ਭੇਟ ਵਾਲੀ ਗੁਰਮੁਖ ਜਨ ਦੀ ਅਵੱਸਥਾ ਹੀ ਬੜੀ ਨਿਰਭੈਤਾ ਪੂਰਤ ਆਨੰਦ ਬਿਸਮਾਦ ਵਾਲੀ ਹੋ ਜਾਂਦੀ ਹੈ। ਵਾਹਿਗੁਰੂ ਦੇ ਚਰਨਾਂ ਵਿਚਿ ਪਏ ਰਹਿਣ ਦੀ, ਵਾਹਿਗੁਰੂ ਦੇ ਸਚਖੰਡੀ ਦਰਬਾਰ ਦੀ ਸ਼ਰਨੀ ਸਮਾਇ ਰਹਿਣ ਵਾਲੀ ਆਤਮ-ਬਿਸਮਾਦ-ਅਹਿਲਾਦੀ ਅਵੱਸਥਾ ਬੜੀ ਹੀ ਸਹਿਜ ਸੁਖ ਲੱਧਣੀ ਅਵੱਸਥਾ ਹੈ। ਕੇਵਲ ਗੁਰੂ ਨਾਨਕ ਦੇ ਘਰ-ਦਰ ਦੇ ਸੇਵਕ ਸਿਖ ਗੁਰਮਤਿ ਨਾਮ ਅਭਿਆਸ ਕਮਾਈ ਦੇ ਕਰਨਹਾਰੇ ਹੋਇਆਂ ਹੀ ਲਭਦੀ ਹੈ॥ ੮॥ ਤਿਨ੍ਹਾਂ ਦੀ ਕੇਵਲ ਤਿਨਾਂ ਦੀ ਹੀ ਮਾਨੁਖਾ ਜਨਮ ਰੂਪੀ ਯਾਤਰਾ ਸਫਲ ਅਤਿ ਸਫਲ ਹੁੰਦੀ ਹੈ, ਕਿਉਂਕਿ ਤਿਨ੍ਹਾਂ ਦੇ ਆਵਣ ਜਾਣੇ ਸਭ ਮਿਟ ਜਾਂਦੇ ਹਨ।

---

*"ਅੰਮ੍ਰਿਤ ਬੇਸ਼ਕ ਅੰਮ੍ਰਿਤ ਹੈ, ਕਦੇ ਵੀ ਅਨ-ਅੰਮ੍ਰਿਤ ਨਹੀਂ ਹੋ ਸਕਦਾ, ਪਰ ਜੇਕਰ ਆਤਮ-ਅਵਸਥਾ ਤੇ ਪੁੱਗ ਖਲੋਤੇ ਅਮਰ-ਜੀਵਨੀ ਗੁਰਮੁਖਿ ਪੰਜਾਂ ਪਿਆਰਿਆਂ ਦੇ ਪੁੰਜ ਵਲੋਂ, ਪੂਰਨ ਗੁਰਮਰਯਾਦਾ ਅਨੁਸਾਰ ਪੂਰਨ ਅੰਮ੍ਰਿਤ ਅਧਿਕਾਰੀ ਅੰਮ੍ਰਿਤ-ਪਾਤਰਾਂ ਨੂੰ ਛਕਾਇਆ ਜਾਵੇ। ਐਸਾ ਸੰਜੋਗ ਜੁੜਨ ਪਰ ਤਾਂ ਤਤਕਾਲ ਹੀ ਅੰਮ੍ਰਿਤ-ਕਲਾ ਵਰਤਣ ਵਿਚ ਰੰਚਕ ਮਾਤ੍ਰ ਸੰਦੇਹ ਨਹੀਂ ਰਹਿੰਦਾ।"* (ਭਾਈ ਸਾ: ਭਾ:ਰਣਧੀਰ ਸਿੰਘ ਜੀ ਲਿਖਤ 'ਅੰਮ੍ਰਿਤਕਲਾ' ਵਿਚੋਂ)


www.AKJ.Org

# ਖਾਲਸਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ॥

**ਜਾਗਤ ਜੋਤਿ ਕੀ ਹੈ ?-**

ਹਾਂ ਜੀ ਪੂਰਨ ਜੋਤਿ । 'ਜਗੈ ਘਟ ਮੈਂ । ਹਾਂ ਜੀ ਪੂਰਨ ਜੋਤਿ । ਤੇ ਜਗੈ ਘਟ ਮੈ । ਪੂਰਨ । ਪੂਰੇ ਦੀ ਪੂਰੀ ਜੋਤਿ । ਸੰਪੂਰਨ ਜੋਤਿ ਪੂਰੇ ਪ੍ਰਭੂ ਅਕਾਲ ਪੁਰਖ ਦੀ ਘਟ ਮਾਹਿ ਜਗ ਤਾਂ ਕਿਵੇਂ ਜਗੈ ?

ਕੀ ਇਸ ਦਾ ਇਹ ਭਾਵ ਹੈ ਕਿ ਸੰਪੂਰਨ ਜੋਤਿ ਸੰਪੂਰਨ ਅਕਾਲ ਪੁਰਖ ਦੀ ਇਕੋ ਘਟ ਵਿਖੇ ਸਮੁੱਚੀ ਹੀ ਆਨ ਅਉਤਰੈ ? ਜੇ ਇਹੋ ਅਰਥ ਭਾਵ ਹੈ ਤਾਂ ਸਰਬ ਵਿਆਪਕ ਸਰਬ ਘਟ ਵਿਆਪਕ *''ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ''* ਏਕੈ ਘਟਿ ਮਝਾਰਿ ਹੀ ਮੁਕਈਅਦ ਅਤੇ ਮਹਿਦੂਦ (ਹਦ ਦੇ ਅੰਦਰ) ਹੋਣ ਕਰਿ ਏਕਾ-ਦੇਸੀ ਹੋ ਗਿਆ ਅਤੇ ਸਰਬ ਬਿਆਪਕ ਨ ਰਹਿਆ । ਅਤੇ ਹੋਰ ਸਾਰੇ ਘਟ ਖ਼ਾਲੀ ਰਹਿ ਗਏ। ਸਮੂਹ ਖੰਡ ਮੰਡਲ ਬ੍ਰਹਿਮੰਡ, ਚੰਦ, ਸੂਰਜ ਤੇ ਤਾਰੇ ਸਾਰੇ ਧਰਮ ਅਕਾਸ ਗੈਨ ਗਗਨ ਇਸ ਜੋਤਿ ਖੁਣੋਂ, ਜੋਤੀਸ਼ ਪੁਰਖ ਪੂਰਨ ਪ੍ਰਮਾਤਮਾ ਖੁਣੋਂ ਖ਼ਾਲੀ ਅਤੇ ਵਿਰਵੇ ਹੀ ਰਹਿ ਗਏ। ਜੋਤੀ ਸਰੂਪ ਪਰਮਾਤਮਾ ਦੀ ਆਤਮ ਜੋਤਿ ਜਿਥੇ ਨਹੀਂ ਓਥੇ ਉਸ ਦੀ ਵਿਆਪਕਤਾ ਨਹੀਂ। ਆਤਮ-ਜੋਤਿ ਦੀ ਵਿਆਪਕਤਾ ਵਿਹੂਣ ਜੀਵਨ-ਕਣੀ ਨਹੀਂ। ਜਿਥੇ ਜੀਵਨ-ਕਣੀ ਨਹੀਂ, ਓਥੇ ਹੋਂਦ ਹਸਤੀ ਨਹੀਂ। ਸਭ ਨੇਸਤੋ ਨਾਬੂਦ ਹੈ।

ਤਾਂਤੇ 'ਪੂਰਨ ਜੋਤਿ ਜਗੈ ਘਟ ਮੈਂ' ਦੇ ਉਪਰਲੇ ਅਰਥ ਨਹੀਂ ਬਣਦੇ। ਤਾਂ ਫੇਰ ਜੀ ਪੂਰਨ ਜੋਤਿ ਕਿਵੇਂ ਜਗੈ । ਘਟ ਮੈ ਕਿਵੇਂ ਜਗੈ ? ਘਟ ਮਹਿ ਪੂਰਨ ਜੋਤਿ ਜਗਣ ਦਾ ਭਾਵ ਕੀ ਹੋਇਆ ? ਘਟ ਵਿਖੇ ਪੂਰਨ ਜੋਤਿ ਭੀ ਜਗੈ ਅਤੇ ਪੂਰਨ ਪੁਰਖ ਜੋਤੀ-ਸਰੂਪ ਪਰਮਾਤਮਾ ਦੀ ਸਰਬ-ਵਿਆਪਕਤਾ ਭੀ ਬਣੀ ਰਹੇ-

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥

(੨॥੧॥੧੯) ਸੋਰਠਿ ਮ: ੫, ਪੰਨਾ ੬੧੭)

ਗੁਰਵਾਕ ਦੇ ਭਾਵ ਅਨੁਸਾਰ ਆਤਮ-ਸੱਤਾ ਦੀ ਜੀਵਨ-ਕਣੀ ਕਰਕੇ ਤਾਂ ਪਰਮਾਤਮਾ ਦੀ ਜੋਤਿ ਸਰਬ ਘਟਾਂ ਵਿਖੇ ਬਿਰਾਜਮਾਨ ਹੈ। ਪਰ ਇਹ ਜੀਵਨ-ਜੋਤਿ-ਕਣੀ ਪਰ ਜੁਲਤ ਤਿਥੇ ਹੁੰਦੀ ਹੈ ਜਿਥੇ ਇਸ ਆਤਮ-ਜੀਵਨ-ਜੋਤਿ-ਕਣੀ ਨੂੰ ਪਰਮਾਤਮਾ ਦੇ ਅੰਮ੍ਰਿਤ-ਨਾਮ ਦੀ ਜਾਗ ਲਗਦੀ ਹੈ। ਪਰਮਾਤਮਾ ਦੇ ਇਸ ਅੰਮ੍ਰਿਤ-ਨਾਮ ਦੀ ਜਾਗ ਹਰੇਕ ਘਟ ਮਾਤਰ ਵਿਖੇ ਹੀ ਹੁੰਦੀ ਤਾਂ ਘਟ-ਆਤਮ ਸਾਰੇ ਆਪੋਂ ਹੀ ਜਗ ਉਠਦੇ। ਬੈਸੰਤਰ ਤਾਂ ਸਗਲ ਬਨਸਪਤ ਮਾਹਿ ਖਿਰਾਜਮਾਨ ਹੈ। ਅਗਨੀ ਆਪਣੀ ਅੰਸ ਕਰਕੇ ਹਰੇਕ ਕਾਠ ਲਕੜੀ ਅੰਦਰਿ ਮਉਜੂਦ ਹੈ। ਸਾਰੇ ਦੁੱਧ ਅੰਦਰ ਘਿਉ ਦੀ ਅੰਸ ਮਉਜੂਦ ਹੈ। ਪਰ ਦੁੱਧ ਨੂੰ ਜਾਗ ਲਗੀ ਬਿਨਾਂ ਅਤੇ ਕਾਠੰਤਰਿ-ਛੁਪੀ-ਅਗਨ ਨੂੰ ਲਾਗ ਲਗੇ ਬਿਨਾਂ ਨਾਹੀਂ ਦੁੱਧ ਵਿਚੋਂ ਘਿਉ ਨਿਕਲਦਾ ਹੈ ਅਤੇ ਨਾਹੀਂ ਕਾਠ ਲਕੜੀ ਵਿਚੋਂ ਅਗਨੀ ਪ੍ਰਚੰਡ ਹੁੰਦੀ ਹੈ। ਤਿਵੇਂ ਹੀ ਘਟ ਘਟ ਵਿਖੇ ਰਮ ਸਮ ਰਹੀ ਜੋਤਿ, ਬਿਨਾਂ ਅੰਮ੍ਰਿਤ-ਨਾਮ ਦੀ ਜਾਗ-ਲਾਗ ਤੋਂ ਅੰਦਰੋਂ ਪ੍ਰਜੁਲਤ ਪਰਗਟ ਹੋ ਕੇ ਜਗਦੀ ਨਹੀਂ।

ਤਾਂਤੇ ਸਿਧ ਹੋਇਆ ਕਿ ਸਰਬ ਘਟਾਂ ਅੰਦਰ ਵਿਆਪ ਰਹੀ ਆਤਮ-ਜੋਤਿ-ਜੀਵਨ-ਕਣੀ ਆਪੋਂ ਨਹੀਂ ਜਗ ਸਕਦੀ। ਇਸ ਵਿਚਿ ਆਪੋਂ ਜਗ ਉਠਣ ਦੀ ਸਮਰੱਥਾ ਹੀ ਨਹੀਂ। ਇਸ ਦੇ ਜਾਗਣ ਦਾ ਜਾਗ ਇਸ ਦੀ ਸਮਰੱਥਾ ਤੋਂ ਬਾਹਰ ਹੈ,ਇਸ ਦੇ ਆਪਣੇ ਹੱਥ ਹੀ ਨਹੀਂ। ਜੇ ਐਸਾ ਹੁੰਦਾ ਤਾਂ ਜਣਾ ਕਣਾ ਆਦਮੀ ਹੀ ਨਾ ਆਪਣੇ ਅੰਦਰ ਜੋਤਿ ਜਗਾ ਬਹਿੰਦਾ। ਇਸ ਜਣੇ ਕਣੇ ਜੀਵਨ ਅੰਦਰਿ ਰਸ ਰਮ ਰਹੀ ਆਤਮ ਜੋਤਿ ਨੂੰ ਕੋਈ ਜਾਗਤ ਜੋਤਿ ਹੀ ਜਗਾ ਸਕਦੀ ਹੈ। ਜੋਤੀ ਸਰੂਪ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਜਾਗਤ ਜੋਤਿ ਹੈ। ਇਸ ਜੋਤਿ ਸਰੂਪ ਅਕਾਲ ਪੁਰਖ ਪਰਮਾਤਮਾ ਦਾ ਗੁਪਤੋਂ ਪਰਗਟ ਹੋਣ ਵਾਲਾ ਸਰੂਪ ਹੀ ਜਾਗਤ ਜੋਤਿ ਹੈ



www.AKJ.Org

ਅਤੇ ਬਿਸਮਾਦ ਰੂਪ ਹੈ। ਜੋਤੀ ਸਰੂਪ ਦਾ 'ਜਾਗਤ ਜੋਤਿ' ਵਿਚਿ ਗੁਪਤੋਂ ਪਰਗਟ ਹੋਣਾ ਬਿਸਮਾਦ ਜਨਕ ਹੈ। ਜੋਤੀ ਸਰੂਪ ਦਾ ਜਾਗਤ ਸਰੂਪ ਹੀ ਪ੍ਰਕਾਸ਼ ਕਲਾ ਸੰਪੰਨ ਹੈ। ਜੋਤੀਸ਼ ਪ੍ਰਭੂ ਦਾ ਸ੍ਵੈਪ੍ਰਕਾਸ਼, ਜਾਗਤ-ਜੋਤਿ-ਸਰੂਪ ਕੇਵਲ ਨਿਜ ਸਰੂਪ ਨੂੰ ਪ੍ਰਕਾਸ਼ਨ ਦੀ ਜੋਤਿ ਜਗੰਨ ਸੰਪੰਨ ਹੀ ਨਹੀਂ, ਬਲਕਿ ਇਸ ਜਾਗਤ ਜੋਤਿ ਬਿਸਮਾਦ ਪ੍ਰਕਾਸ਼ ਸਰੂਪ ਦੇ ਪਰਸਿਆਂ ਹਰ ਇਕ ਆਤਮ-ਜੋਤਿ ਪ੍ਰਕਾਸ਼-ਪ੍ਰਜੁਲਤ ਹੁੰਦੀ ਹੈ, ਅਰਥਾਤ ਹਰੇਕ ਆਤਮ-ਜੋਤਿ, ਜਾਗਤ-ਜੋਤਿ ਜੋਤੀਸ਼ ਦੀ ਜਾਗ-ਲਾਗ ਨਾਲ ਹੀ ਜਗਦੀ ਹੈ। ਸ੍ਵੈਕਲਾ ਦੁਆਰਾ ਗੁਪਤੋਂ ਪਰਗਟ ਹੋਏ ਜੋਤਿ-ਪ੍ਰਕਾਸ਼ ਜਾਗਤ-ਜੋਤਿ ਜੋਤੀਸ਼ ਦਾ ਨਾਮ ਹੀ ਵਾਹਿਗੁਰੂ ਹੈ। ਇਹ ਨਾਮ ਅਰਥਾਤ ਇਹ ਜੋਤਿ-ਪ੍ਰਕਾਸ਼ੀ-ਜਾਗਤ-ਜੋਤਿ-ਸਰੂਪ ਹੀ ਜਾਗਤ-ਜੋਤਿ-ਕਲਾ ਸੰਪੰਨ ਹੈ, ਅਰਥਾਤ ਜੋਤਿ-ਕਲਾ ਜਗਾਉਣ ਦੇ ਸਮਰੱਥਾ ਹੈ। ਜੋਤਿ-ਪ੍ਰਕਾਸ਼ ਦੇ ਪਰਸਿਆਂ ਹੀ ਹਰੇਕ ਆਤਮ-ਜੋਤਿ ਦੇ ਪ੍ਰਕਾਸ਼ ਹੁੰਦਾ ਹੈ। ਬਾਰੰਬਾਰ ਜਾਗਤ-ਜੋਤਿ ਨੂੰ ਪਰਸਣਾ ਅਤੇ ਪਰਸੀ ਜਾਣਾ, ਬਾਰੰਬਾਰ ਪਰਸਣਾ ਹੀ ਆਤਮ-ਜੋਤਿ ਦੇ ਘਟ ਅੰਦਰਿ ਜਗਾਉਣ ਦਾ ਚੁੰਭਕ ਰਸਾਇਣ ਹੈ। ਇਸ ਜਾਗਤ-ਜੋਤਿ ਨੂੰ ਬਾਰੰ ਬਾਰ ਆਤਮ-ਜੋਤਿ ਦੇ ਪਰਸਣ ਦਾ ਨਾਉਂ ਜਾਗਤ-ਜੋਤਿ ਦਾ ਜਪਣਾ ਹੈ, ਤਦੇ ਹੀ ਸ੍ਰੀ ਦਸਮੇਸ਼ ਜੀ ਨੇ ੩੩ ਸਵੱਯਾ ਦੇ ਅਰੰਭ ਵਿਚ ਉਚਾਰਨ ਕੀਤਾ ਹੈ -

"ਜਾਗਤ ਜੋਤਿ ਜਪੈ ਨਿਸ ਬਾਸੁਰ"

ਨੋਟ ਕਰੋ 'ਨਿਸ ਬਾਸੁਰ' ਦੀ ਫੋਰਸ (Force) ਨੂੰ। ਨਿਸ ਬਾਸੁਰ -ਰਾਤ ਦਿਨੇ ਜਾਗਤ ਜੋਤਿ ਨੂੰ ਜਪੀ ਜਾਣ ਦੀ ਤਕੜਾਈ ਕੀਤੀ ਸ੍ਰੀ ਦਸਮੇਸ਼ ਜੀ ਨੇ ਸ੍ਰੀ ਖਾਲਸਾ ਜੀ ਨੂੰ। ਉਪਰ ਪਹਿਲਾਂ ਹੀ ਸਿਧ ਹੋ ਚੁਕਾ ਹੈ ਕਿ ਜਾਗਤ ਜੋਤਿ ਦਾ ਪਰਗਟ ਸਰੂਪ "ਵਾਹਿਗੁਰੂ" ਨਾਮ ਹੈ। ਤਾਹੀਂ ਤੇ ਜਾਗਤ-ਜੋਤਿ ਜਪੈ ਆਖਿਆ ਹੈ ਸ੍ਰੀ ਦਸਮੇਸ਼ ਜੀ ਨੇ । ਜਾਗਤ-ਜੋਤਿ ਨੂੰ ਜਪਣ ਦੇ ਅਰਥ ਹੋਰ ਕੁਝ ਬਣ ਹੀ ਨਹੀਂ ਸਕਦੇ। ਬਸ "ਜਾਗਤ ਜੋਤਿ ਜਪੈ" ਦਾ ਸਪੱਸ਼ਟ ਅਰਥ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ "ਵਾਹਿਗੁਰੂ ਨਾਮ ਜਪੈ" ਸਿਧ ਹੋਇਆ, ਅਤੇ ਇਸ ਨਾਮ ਨੂੰ ਨਿਸ ਬਾਸਰ ਜਪਣ ਦਾ ਤਾਕੀਦੀ ਹੁਕਮ ਸ੍ਰੀ ਦਸਮੇਸ਼ ਜੀ ਨੇ ਇਸ ਪੰਗਤੀ ਦੁਆਰਾ ਦ੍ਰਿੜ੍ਹਾਇਆ। ਸ੍ਵੈਪ੍ਰਕਾਸ਼ਤ ਕਲਾ ਕਰਿ ਨਾਮ ਨਾਮੀ ਦਾ ਅਭੇਦ ਹੋਣਾ ਭੀ ਭਲੀ ਭਾਂਤ ਸਿਧ ਹੋ ਚੁਕਾ ਹੈ :-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥੧॥ (ਆਸਾ ਦੀ ਵਾਰ, ਪੰਨਾ ੪੬੩)

ਰੂਪੀ ਗੁਰਵਾਕ ਵੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਸ੍ਵੈਕਲਾ ਪ੍ਰਕਾਸ਼ਤ ਅਤੇ ਸ੍ਵੈਰਚਿਤ ਹੋਣ ਕਰਿ ਹੀ, ਅਤੇ ਆਦ ਅਨਾਦ ਅਪਰੰਪਰਾ ਪਰਾਪੂਰਬਲਾ ਹੋਣ ਦੇ ਕਾਰਨ ਇਹੋ ਨਾਮ ਹੀ ਸਤਿਨਾਮ, ਅਰਥਾਤ ਇਹੋ ਨਾਮ ਹੀ ਸਤਿ ਹੈ। ਏਕੈ ਇਸੇ ਨਾਮ ਬਿਨਾਂ ਹੋਰ ਸਭ ਨਾਮ ਅਸੱਤ ਹਨ, ਅਥਵਾ ਕਿਰਤਮ ਨਾਮ ਹਨ।

"ਜਾਗਤ ਜੋਤਿ ਜਪੈ ਨਿਸ ਬਾਸੁਰ" ਦੀ ਅਗਲੀ ਅੱਧੀ ਪੰਗਤੀ 'ਏਕ ਬਿਨਾ ਮਨਿ ਨੈਕ ਨ ਆਨੈ' ਸਾਫ਼ ਸਿਧ ਕਰਦੀ ਹੈ ਕਿ ਏਕੈ ਨਾਮ, ਉਪਰ ਦਸੇ ਗੁਰਮਤਿ ਨਾਮ ਤੋਂ ਬਿਨਾਂ, ਏਕੈ ਸਤਿ ਪਦਾਰਥ ਸਤਿਨਾਮ ਤੋਂ ਬਿਨਾਂ, ਇਕ ਤੋਂ ਅਨਿਕ (ਅਨ-ਇਕ, ਨੈਕ) ਅਸੱਤ ਪਦਾਰਥ ਨੂੰ ਮਨ ਅੰਦਰਿ ਨ ਲਿਆਵੈ, ਭਾਵ ਨਿਸ ਬਾਸੁਰ ਨਾਮ ਜਪਣ ਵਾਲੇ ਦੀ ਸੱਚੀ ਨਾਮ-ਅਭਿਆਸ-ਅਰੂੜ-ਅਵਸਥਾ ਇਹ ਹੁੰਦੀ ਹੈ ਕਿ ਨਾਮ, ਏਕੈ ਨਾਮ ਜਪਣ ਤੋਂ ਬਿਨਾਂ ਉਸ ਦੇ ਮਨ ਅੰਦਰ ਕਿਸੇ ਹੋਰ ਚੀਜ਼ ਦਾ ਨਿਵਾਸ ਨਹੀਂ ਹੁੰਦਾ ।

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ॥੩॥ (੧੦)

(ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੭)

ਸੱਚ ਮੁੱਚ ਨਾਮ ਅਭਿਆਸੀ ਦੇ ਹਿਰਦੇ ਅੰਦਰਿ ਨਾਮ ਬਿਨਾਂ ਦੂਤੀ-ਆਲੂਦ-ਪ੍ਰਾਗੰਦਾ ਖ਼ਿਆਲ ਟਿਕ ਨਹੀਂ ਸਕਦੇ। ਨਾਮ ਬਿਨਾਂ ਫੁਰਨੇ, ਅਫੁਰਨੇ, ਸੰਕਲਪ ਵਿਕਲਪ, ਸ਼ੁਭ ਅਸ਼ੁਭ ਵਾਸ਼ਨਾ ਸਭਿ ਪ੍ਰਾਗੰਦਾ ਖਿਆਲੀਆਂ ਹਨ। 'ਜਾਗਤ ਜੋਤਿ ਜਪੈ ਨਿਸ ਬਾਸੁਰ' ਦੇ ਹੁਕਮ ਕਮਾਵਣ ਦਾ ਪਾਰਸ ਪ੍ਰਭਾਵੀ ਫਲ ਇਹ ਹੁੰਦਾ ਹੈ, ਕਿ ਬਸ 'ਏਕ ਬਿਨਾ ਮਨਿ ਨੈਕ ਨ ਆਨੈ ॥

ਗੁਰਮਤਿ ਨਾਮ ਅਭਿਆਸ ਕਮਾਈ ਵਾਲਾ ਗੁਰਮੁਖ ਜਨ ਏਕੈ ਨਾਮ ਦਾ ਹੀ ਅਨਿੰਨ ਉਪਾਸ਼ਕ, ਅਨਿੰਨ ਅਭਿਆਸੀ ਅਤੇ ਏਕੈ ਅਕਾਲ ਪੁਰਖ ਦਾ ਹੀ ਅਨਿੰਨ ਭਗਤ ਹੋ ਜਾਂਦਾ ਹੈ। ਉਸ ਦੇ ਹਿਰਦੇ (ਮਨ) ਅੰਦਰਿ

ਇਹੋ ਏਕੈ ਨਾਮ ਦੇ ਅਨਿੰਨ ਅਭਿਆਸ ਦੀ ਹੀ ਪੂਰਨ-ਪ੍ਰੇਮ-ਪ੍ਰਤੀਤ ਸੁਭਾਇਮਾਨ ਹੁੰਦੀ ਹੈ।

'ਪੂਰਨ ਪ੍ਰੇਮ ਪ੍ਰਤੀਤ ਸਜੈ'

ਇਸੇ ਪੱਕ ਪ੍ਰਤੀਤ ਸੱਚੀ ਸ਼ਰਧਾ ਭਾਵਨੀ ਤੋਂ ਉਖੜ ਕੇ ਨਾਮ ਦਾ ਅਨਿੰਨ ਅਭਿਆਸੀ, ਅਕਾਲ ਦਾ ਅਨਿੰਨ ਉਪਾਸ਼ਕ ਆਪਣੀਆਂ ਮਨੋ-ਕਾਮਨਾ ਮਨੋਰਥਾਂ ਦੀ ਸਿਧੀ ਹੇਤ ਅਨੁਮਾਤੀਆਂ ਵਤ ਬ੍ਰਤ, ਗੋਰ, ਮੜੀ, ਮਟ ਆਦਿਕ ਦੀ ਮਨੰਤਾ ਵਲ ਕਦੋਂ ਜਾਂਦਾ ਧਾਂਵਦਾ ਹੈ। ਜਦ ਉਸ ਦੇ ਮਨ ਅੰਦਰ "ਏਕ ਬਿਨਾ ਮਨ ਨੈਕ ਨ ਆਨੈਂ" ਵਾਲੀ ਸ਼ਰਧਾ-ਭਾਵਨੀ ਵਰਤ ਰਹੀ ਹੋਵੇ, ਤਦ ਹੋਰ ਕਿਸੇ ਵਲ ਉਸਦਾ ਧਾਵਣਾ ਕੀ? ਐਸੇ ਜਨ ਇਕੈ ਅਕਾਲ ਪੁਰਖ ਦੀ ਨਾਮ ਅਭਿਆਸ ਉਪਾਸ਼ਨਾ ਰੂਪੀ ਤੀਰਥ ਦਾਨ ਦਇਆ ਤਪ ਸੰਜਮ ਬਿਨਾਂ ਹੋਰ ਕਿਸੇ ਆਨ ਤੀਰਥ ਦਾਨ ਦਇਆ ਤਪ ਸੰਜਮ ਨੂੰ ਨਹੀਂ ਸਿਆਣਦੇ ਪਛਾਣਦੇ। ਏਕੈ ਜਾਗਤ ਜੋਤਿ ਦਾ ਨਿਸਬਾਸਰੀ ਅਨਿੰਨ ਅਭਿਆਸ ਹੀ ਸਰਬ ਕਲਾ ਕਲਿਆਣਕਾਰੀ ਹੈ।

**ਜਾਗਤ-ਜੋਤਿ ਕਿਵੇਂ ਜਾਗਦੀ ਹੈ?**

ਇਸ ਨਾਮ ਰੂਪੀ ਜਾਗਤ ਜੋਤਿ ਦਾ ਅਭਿਆਸ ਰੂਪੀ ਜਾਗੁ, ਪਾਰਸ-ਸੁਪਰਸ਼ਨੀ-ਜਾਗੁ ਉਸੇ ਵਡਿਭਾਗੀ ਆਤਮ-ਆਕ੍ਰਖਣੀ-ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਤਰ ਗੁਰੂ ਕਰਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸ਼ੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ ਕਲਾ ਪ੍ਰਕਾਸ਼ ਕ੍ਰਿਸ਼ਮੀ ਗੁਰੂ ਸਰੂਪ ਪੰਚਾ ਪਿਆਰਿਆ ਦੇ ਪਾਰਸ ਸੁਪਰਸ਼ਨੀ ਕ੍ਰਿਸ਼ਮੇ ਦੁਆਰਾ ਹੀ ਸੁਪਰਸ਼ੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਚਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ ਨਾਮ ਦਾਤਿ ਰੂਪੀ ਚੁੰਭਕ ਸਪਰਸ਼ ਹੀ ਨਾਮ ਰੂਪੀ ਜਗਨ ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ-ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸ ਬਾਸਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆਂ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਜਗਦੀ ਹੈ। ਘਟਾਂ ਅੰਦਰਿ ਜਗਦੀ ਹੈ ਘਟ ਅੰਦਰਿ ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬਿਧੀ ਅਨੁਸਾਰ ਜਗਾਈ ਹੀ ਜਗਦੀ ਹੈ। ਜਿਨ੍ਹਾ ਗੁਰਮੁਖ ਜਨਾਂ ਦੇ ਘਟਾ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸ ਖਾਲਸੇ ਹਨ।

**ਜਾਗਤ ਜੋਤਿ ਦਾ ਪ੍ਰਕਾਸ਼ –**

ਪੂਰਨ 'ਜੋਤਿ ਜਗੈ' ਹਾਂ ਜੀ ਪੂਰੇ ਦੀ, ਜੋਤੀ ਸਰੂਪ ਪੂਰਨ ਪੁਰਖ, ਪੂਰਨ ਜਗੰਨ ਜੋਤੀਸ਼ ਵਾਹਿਗੁਰੂ ਦੀ ਜੋਤਿ ਹੀ ਪੂਰਨ ਹੈ। ਹੋਰ ਸਭ ਜੋਤਾਂ ਊਰੀਆਂ ਹਨ, ਪੂਰੇ ਦੀ ਜਾਤਿ ਹੀ ਪੂਰੀ ਹੈ। ਕਦੇ ਊਰੀ ਅਧੂਰੀ ਨਹੀਂ। ਇਕ ਵਾਰ ਜਗ ਕੇ ਇਕ-ਤਾਰ ਲਟਿ ਲਟਿ ਜਗਦੀ ਰਹਿੰਦੀ ਹੈ। ਕਦੇ ਬੁਝਦੀ ਡੋਲਦੀ ਨਹੀਂ। ਜੋ ਕਦੇ ਨਾ ਡੋਲੇ, ਨਾ ਬੁਝੇ, ਸੋ ਜੋਤਿ ਕਹੀਐ ਪੂਰੀ। ਜਿਸ ਜੋਤਿ ਦਾ ਚਾਨਣਾ ਕਦੇ ਨਾ ਘਟੇ, ਸਗੋਂ ਦਿਨੋ ਦਿਨ ਸਵਾਇਆ ਵਧੇ ਫੁਲੇ ਅਤੇ ਉਸਰ ਉਸਰ ਕੇ ਜਗੇ, ਸੋ ਜੋਤਿ ਕਹੀਐ ਪੂਰੀ ਹੈ।

ਪੂਰਨੁ ਕਬਹੂ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥

(ਥਿਤੀ ਗਉੜੀ ਮ: ੫, ਪੰਨਾ ੩੦੦)

ਜਾਗਤ ਜੋਤਿ ਦਾ ਪ੍ਰਕਾਸ਼ ਹੀ ਪੂਰਨ ਪ੍ਰਕਾਸ਼ ਹੈ, ਇਸ ਪ੍ਰਕਾਰ ਦੀ ਪੂਰਨਤਾ ਇਸ ਕਰਕੇ ਹੈ ਕਿ ਇਹ ਕਦੇ ਡੋਲਦਾ ਨਹੀਂ। ਇਸ ਜਾਗਤ ਜੋਤਿ ਜੋਤੀਸ਼ਰ ਦਾ ਘਟੰਤਰੀ ਪ੍ਰਕਾਸ਼ ਇਸੇ ਕਰਕੇ ਪੂਰਨ ਪ੍ਰਕਾਸ਼


www.AKJ.Org

ਹੈ, ਕਿਉਂਕਿ ਇਹ ਪੂਰਨ ਪੁਰਖ ਪ੍ਰਭੂ ਪਰਮਾਤਮਾ ਨੇ ਆਪਿ ਪੂਰਨ ਕੀਤਾ ਹੈ।

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ .... ॥੩੩॥

(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ ੧੪੧੨)

ਸਸੀਅਰ ਸੂਰ ਤਾਰਿਆਂ ਦੇ ਚਾਨਣੇ ਦੀਆਂ ਜੋਤਾਂ ਸਭ ਇਸ ਜਾਗਤ ਜੋਤਿ ਜੋਤੀਸ਼ ਦੇ ਜੋਤਿ-ਚਾਨਣੇ ਤੋਂ ਵਰੋਸਈਆਂ ਹੋਈਆਂ ਜੋਤਾਂ ਹਨ। ਪਰਮ ਜੋਤੀਸ਼ ਦੇ ਕੋਟ ਭਾਨੀਸ਼ ਚਾਨਣ ਦਾ ਇਕ ਅਕਸ ਮਾਤ੍ਰ ਰਾਈ ਸਮਾਨ ਚਾਨਣਾ ਲੈ ਕੇ ਹੀ ਇਹ ਦਿਸ ਰਹੇ ਚੰਦ ਸੂਰਜ ਅਨਗਿਣਤ ਤਾਰੇ ਚਮਕ ਰਹੇ ਹਨ। ਤਾਂਤੇ ਇਹਨਾਂ ਚੰਦ ਸੂਰਜਾ ਤਾਰਿਆਂ ਸਤਾਰਿਆਂ ਦਾ ਜੋਤਿ-ਚਾਨਣਾ ਪੂਰਨ ਜੋਤਿ-ਜਗੰਨਾ ਨਹੀਂ, ਇਹ ਸਭ ਊਰੇ ਅਧੂਰੇ, ਪੂਰਨ ਜੋਤਿ ਤੋਂ ਅਧੂਰੇ ਚਕਨ ਚਉਂਧੀਏ ਚੁੰਧਿਆਏ ਹੋਏ ਚਾਨਣੇ ਹਨ। ਪੂਰਨ ਜੋਤਿ-ਜਗੰਨਾ ਚਾਨਣਾ ਤਾਂ ਨਾਮ ਦੀ ਜਾਗਤ-ਜੋਤਿ ਦਾ ਚਾਨਣਾ ਹੈ। ਨਾਮ ਨਾਮੀ ਅਭੇਦ ਜਾਗਤ ਜੋਤਿ ਦਾ ਚਾਨਣਾ ਪੂਰਨ ਪ੍ਰਕਾਸ਼, ਪੂਰਨ ਜੋਤਿ ਪ੍ਰਕਾਸ਼ੀ ਚਾਨਣਾ ਹੈ :-

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ.... ॥੩॥ (ਧਨਾਸਰੀ ਮ: ੧, ਪੰਨਾ ੧੩)

ਉਸੇ ਜਾਗਤ-ਜਗੰਨ-ਜੋਤੀਸ਼ ਦੀ ਜੋਤਿ, ਅੰਸ ਮਾਤ੍ਰ ਜੋਤਿ ਹੀ ਸਭ ਵਿਖੇ ਹੈ। ਇਸ ਪੂਰਨ ਮਹਾਂ ਜੋਤੀਸ਼ ਦੇ ਜੋਤਿ-ਚਾਨਣੇ ਰੂਪੀ ਜੋਤਿ-ਪ੍ਰਭਾਵ ਨਾਲ ਸਭ ਮਹਿ ਚਾਨਣ ਹੁੰਦਾ ਹੈ। ਜੋਤੀਸ਼-ਜੋਤਿ ਦਾ ਪਰਤਵ ਹੀ ਸਾਰੇ ਸੂਰਜ ਚੰਦ ਤਾਰਿਆਂ ਵਿਖੇ ਪੈਂਦਾ ਹੈ। ਨਹੀਂ ਤਾਂ ਇਹ ਚੰਦ ਸੂਰਜ ਤਾਰੇ ਸਾਰੇ ਤਾਰੀਕ ਅੰਧ ਧੁੰਦ ਗੁਬਾਰ ਹੀ ਹਨ। ਇਹਨਾਂ ਅੰਦਰਿ ਉਸ ਸੱਚੀ ਜੋਤਿ ਦਾ ਕਿਰਣ-ਕਿਣਕਵਾਂ-ਸਾਇਆ ਹੀ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ" ਗੁਰਵਾਕ ਦੇ ਭਾਵ ਅਨੁਸਾਰ ਸਭਨਾਂ ਘਟਾਂ ਅੰਦਰਿ ਓਸੇ ਇਕੋ ਜੋਤੀਸ਼ ਦੀ ਹੀ ਜੋਤਿ ਹੈ, ਪਰ ਇਹ ਲੁਪਤ ਗੁਪਤ ਜੋਤਿ ਹੈ। ਪਰਗਟ ਜੋਤਿ ਨਹੀਂ। ਜਾਗਤ ਜੋਤਿ ਨਹੀਂ।

"ਗੁਰ ਸਾਖੀ ਜੋਤਿ ਪਰਗਟੁ ਹੋਇ" ਵਾਲੀ ਗੁਰ-ਪੰਗਤੀ ਸਪੱਸ਼ਟ ਕਰਦੀ ਹੈ ਕਿ:–

"ਸਬਦ ਸੁਰਤਿ ਗੁਰ ਸਾਖੀ"॥

ਦੁਆਰਾ ਹੀ ਇਹ ਜੋਤਿ ਆਪਣੀ ਗੁਪਤ ਲੁਪਤ ਬੀਜ-ਅੰਸੀ ਅਵਸਥਾ ਤੋਂ ਹਿਰਦੇ ਰੂਪੀ ਘਟ ਅੰਦਰਿ ਪਰਗਟ ਹੁੰਦੀ ਹੈ। ਗੁਰ ਸਾਖੀ ਦੇ ਅਰਥ ਏਥੇ ਗੁਰ ਸ਼ਬਦ ਦੇ ਹਨ। ਸੱਚੀ ਗੁਰ ਸਾਖੀ ਸ਼ਬਦ ਸੁਰਤਿ ਨਾਮ ਅਭਿਆਸ ਕਮਾਈ ਹੀ ਹੈ। ਸੱਖੀ ਸਾਖੀ, ਸੱਚੀ ਗੁਰ ਸਿਖਸ਼ਾ, ਸੱਚਾ ਗੁਰ ਉਪਦੇਸ਼ ਨਾਮ ਜਾਪ ਅਭਿਆਸ ਮਈ ਹੁਕਮਾਂ ਸਿਰ ਹੁਕਮ ਹੀ ਹੈ। ਇਹੀ ਗੁਰ-ਸ਼ਬਦ, ਸੁਰਤਿ ਰੂਪੀ ਸੱਚੀ ਸਾਖੀ ਅੱਤ ਸ੍ਰੇਸ਼ਟ ਅਤੇ ਉਤਮ ਕਥਾ ਅਕੱਥ ਕਥਾ ਹੈ। ਯਥਾ ਗੁਰਵਾਕ :–

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥

(ਪਉੜੀ, ਸਿਰੀਰਾਗ ਕੀ ਵਾਰ ਮ: ੪, ਪੰਨਾ ੮੭)

ਹਿਰਦੇ ਅੰਤਰਿ ਇਸ ਸਾਖੀ ਰੂਪ ਗੁਰ ਸ਼ਬਦ ਨਾਮ ਗੁਰ-ਮੰਤ੍ਰ ਨੂੰ ਰਖਿਆਂ, ਅਭਿਆਸੀਆਂ, ਅਭਿਆਸ ਖਿਲੋਵਨਾ ਖਿਲੋਵਿਆਂ ਰਸ-ਜੋਤਿ ਦਾ ਪ੍ਰਗਾਸ ਘਟ ਅੰਤਰ ਹੋਇ ਆਵੰਦਾ ਹੈ। ਇਸ ਕਿਰਨ ਕਮਲ ਰਸ-ਜੋਤਿ ਪ੍ਰਕਾਸ਼ ਦੇ ਸਾਂਗੋ ਪਾਂਗੀ ਚਮਤਕਾਰ ਦੁਆਰਾ ਹੀ ਘਟ ਅੰਤਰਿ ਹੀ "ਅਦਿਸਟੁ ਅਗੋਚਰੁ ਅਲਖੁ ਨਿਰੰਜਨੁ" ਦਾ ਸਾਖਸ਼ਾਤ ਦੀਦਾਰ ਹੁੰਦਾ ਹੈ। ਪਰ ਹੁੰਦਾ ਗੁਰਮੁਖਾਂ ਨੂੰ ਹੀ ਹੈ। ਗੁਰਮੁਖ ਖਾਲਸੇ ਨੂੰ ਹੀ ਇਸ ਜਾਗਤ-ਜੋਤਿ ਪੂਰਨ ਜੋਤਿ ਦਾ ਸਾਖਸ਼ਾਤ-ਕਾਰ ਹੁੰਦਾ ਹੈ। ਐਸੇ ਜਾਗਤ ਜੋਤਿ (ਵਾਹਿਗੁਰੂ) ਜਪਣ ਵਾਲੇ ਗੁਰਮੁਖ ਖਾਲਸਾ


www.AKJ.Org

ਜਨ ਦੇ ਘਟ ਅੰਤਰਿ ਪੂਰਨ ਜੋਤਿ ਜਗਦੀ ਹੈ। ਹਾਂ ਜੀ "ਪੂਰਨ ਜੋਤਿ ਜਗੈ" ਵਾਲੀ ਘਟਨਾ ਘਟਦੀ ਹੈ। ਐਸੇ ਹੀ ਸ਼ਬਦ-ਘਟ-ਜੋਤਿ-ਵਿਗਾਸੀ ਗੁਰਮੁਖ ਖਾਲਸਾ ਜਨਾਂ ਦੀ ਉਚ-ਆਤਮ-ਜੋਤਿ-ਜਗੰਨੀ ਅਵਸਥਾ ਪ੍ਰਥਾਇ ਇਸ ਗੁਰਵਾਕ ਦਾ ਭਾਵ ਪੂਰਾ ਉਤਰਦਾ ਹੈ ਅਤੇ ਖ਼ੂਬ ਫਬਦਾ ਹੈ :-

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ਰਹਾਉ ॥
ਅਦਿਸਟੁ ਅਗੋਚਰ ਪਾਰਬ੍ਰਹਮ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥
(ਮਾਰੂ ਮ: ੫, ਪੰਨਾ ੧੦੦੨)

ਸੋ ਇਹ ਹੈ ਵਾਸਤਵੀ ਵਿਆਖਿਆ "ਪੂਰਨ ਜੋਤਿ ਜਗੈ ਘਟ ਮਾਹਿ" ਦੀ। ਉਪਰਲੇ ਗੁਰ ਪਰਮਾਣ ਵਾਲੀ ਬਿਵਸਥਾ ਕੇਵਲ ਗੁਰਮੁਖ ਖਾਲਸਾ ਜੀ ਪ੍ਰਥਾਇ ਹੀ ਘਟਦੀ ਹੈ। ਨਿਗੁਰੇ, ਨਿਗੋਸਾਏ ਗੁਰੂ ਘਰ ਅਤੇ ਗੁਰਮਤਿ ਤੋਂ ਘੁਥਿਆਂ, ਆਪੋਂ ਬਣਿ ਬੈਠੇ ਭਿੰਡੀ ਮੀਣੇ ਪਰਪੰਚੀਆਂ ਨੂੰ ਇਸ ਪਦ ਦੀ ਉਕੀ ਸੂਝ ਬੂਝ ਨਹੀਂ। ਓਹ ਤਾਂ ਗੁਰਬਾਣੀ ਦੇ ਇਸ ਪ੍ਰਕਾਰ ਦੇ ਵਾਕ ਚੁਰਾਇ ਚੁਰਾਇ ਕੇ ਆਪੋ ਆਪਣੀ ਮੀਣ-ਪਰਪੰਚੀ ਹੱਟ ਚਲਾਇ ਰਹੇ ਹਨ। ਲੋਕਾਂ ਦੀ ਭੇਡਾ-ਚਾਲ ਓਹਨਾਂ ਦੇ ਪਿਛੇ ਪਈ ਭਰਮੀ ਧੱਕੇ ਖਾਂਦੀ ਫਿਰ ਰਹੀ ਹੈ। ਅਸਲ ਵਿਚ ਭਰਮਦੇ ਭਟਕਦੇ ਓਹੀ ਹਨ ਜਿੰਨ੍ਹਾ ਦਾ ਘਰ ਪੂਰਾ ਨਹੀਂ ਹੋਇਆ। ਜਿੰਨ੍ਹਾਂ ਗੁਰਮੁਖਾਂ ਖਾਲਸਾ ਜਨਾਂ ਗੁਰ ਦਸਮੇਸ਼ ਜੀ ਦੇ ਅੰਮ੍ਰਿਤਧਾਰੀ ਨਾਮ ਅਭਿਆਸੀ ਅਤੇ ਨਾਮ ਜੋਤਿ ਪ੍ਰਕਾਸੀ ਸਿੰਘਾਂ ਦੇ ਘਟ ਅੰਤਰਿ ਜੋਤਿ ਪ੍ਰਕਾਸ਼ ਭਈ ਹੈ, ਜਿਨ੍ਹਾਂ ਦੇ ਘਟ ਅੰਦਰਿ ਪੂਰਨ ਜੋਤਿ ਜਗ ਗਈ ਹੈ, ਜੋਤਿ ਪ੍ਰਕਾਸ਼ ਦੀ ਇਕ ਕਿਰਨ ਜਿਨ੍ਹਾਂ ਗੁਰਸਿਖਾਂ ਦੇ ਘਟ ਅੰਦਰਿ ਆ ਠਟੀ ਹੈ, ਉਹ ਕਾਹਨੂੰ ਭਰਮਣ ਭਟਕਣਗੇ? ਅਤੇ ਓਹ ਗੁਰੂ ਘਰ ਤੇ ਬਾਹਰਿ ਪਰਾਏ ਘਰੀਂ ਇਹ ਵਥ ਢੂੰਡਣ ਕਾਹਨੂੰ ਜਾਣਗੇ ?

ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰਿ ਜਾਤ ਨ ਸੋਹੀ ॥੧॥(੫॥੩੮)
(ਕਬੀਰ ਜੀਉ ਗਉੜੀ ਭੀ ਸੋਰਠਿ ਭੀ, ਪੰਨਾ ੩੩੦)

ਗੁਰ ਦਸਮੇਸ਼ ਜੀ ਦੇ, ਸਭ ਤੋਂ ਵਡੇ ਸਤਿਗੁਰੂ ਨਾਨਕ ਦਸਮੇਸ਼ ਜੀ ਦੇ ਇਕ ਗੁਰਮੁਖਿ, ਘਟਿ-ਜੋਤਿ-ਵਿਗਾਸੀ-ਖਾਲਸਾ ਜਨ ਅੰਮ੍ਰਿਤਧਾਰੀ ਸਿੰਘ ਦੇ ਸਨਮੁਖ ਇਕ ਬੇ-ਪੀਰਾ ਪੀਰ ਤੜਾਂ ਮਾਰਨ ਲਗਾ –

"ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਿਖਾਲਸ ਜਾਨੈ" ਗੁਰਵਾਕ ਦੀ ਘਟਦੀ ਬਿਵਸਥਾ ਵਾਲਾ ਕੋਈ ਸਿੰਘ ਤੁਸਾਡੇ ਗੁਰੂ ਘਰ ਅੰਦਰ ਹੈ ਨਹੀਂ, ਇਹ ਵਾਕ ਮੇਰੇ ਯਾ ਮੇਰੇ ਮੁਰੀਦਾਂ ਪ੍ਰਥਾਇ ਹੀ ਘਟਦਾ ਹੈ। ਤਾਂ ਉਸ ਨਿਰਭੈ ਗੁਰਮੁਖ ਜਨ ਨੇ ਜਵਾਬ ਦਿਤਾ ਕਿ ਤੂੰ ਨਿਰਾ ਤਿਮਰ ਅਗਿਆਨੀ ਹੈਂ। ਜੇ ਤੇਰੇ ਵਿਚ ਤੇਰੇ ਇਸ ਕਥਨ ਦੀ ਰਾਈ ਸੱਚਾਈ ਭੀ ਹੁੰਦੀ ਤਾਂ ਤੂੰ ਆਪਣੇ ਸਨਮੁਖ ਬੈਠੇ ਘਟਿ ਜੋਤਿ ਵਿਗਾਸੀ ਸ੍ਰੀ ਦਸਮੇਸ਼ ਜੀ ਦੇ ਇਕ ਅਧਮ ਸੇਵਕ ਦੀ ਬਿਵਸਥਾ ਨੂੰ ਨਾ ਪਛਾਣ ਲੈਂਦਾ । ਪਰ ਉਲੂ ਬਿਚਾਰੇ ਨੂੰ ਕੀ ਪਤਾ ਹੈ ਕਿ ਕਿਤੇ ਸੂਰਜ ਚੜ੍ਹਿਆ ਹੈ ਕਿ ਨਹੀਂ। ਓਹ ਮੀਣਾ ਪਰਪੰਚੀ ਬਿੱਟ ਬਿੱਟ ਉਸ ਸਿੰਘ ਵਲ ਤੱਕਣ ਲਗ ਗਿਆ। ਪਰ ਬੜਾ ਹੀ ਸ਼ਰਮਿੰਦਾ ਹੋਇਆ, ਕਿਉਂਕਿ ਉਸ ਦੇ ਮੁਰੀਦ ਉਸ ਸਮੇਂ ਉਸ ਦੇ ਪਾਸ ਕਈ ਖਲੋਤੇ ਸਨ। ਗੁਰਬਾਣੀ ਦੇ ਹੀ ਪ੍ਰਮਾਣ ਸੁਣਾਇ ਸੁਣਾਇ ਓਹ ਪਰਪੰਚੀ ਬਿਚਾਰੇ ਸਾਧਾਰਨ ਸਿਖਾਂ ਨੂੰ ਭਰਮਾਉਣ ਦੀ ਕੁਟਲਤਾ ਕਰਦੇ ਹਨ।


www.AKJ.Org

ਅਸਲ ਗੱਲ ਤਾਂ ਇਹ ਹੈ ਕਿ ਜਿੰਨ੍ਹਾਂ ਸਿਖਾਂ ਦਾ ਗੁਰਮਤਿ ਨਾਮ ਉਪਰ ਅਤੇ ਨਾਮ ਅਭਿਆਸ ਦੀ ਪਾਰਸ ਰਸਾਇਣੀ ਕਲਾ ਉਪਰ ਵਿਸ਼ਵਾਸ ਭਰੋਸਾ ਨਹੀਂ ਉਹ ਭਰਮ ਜਾਂਦੇ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਉਹ ਨਾਮ ਅਭਿਆਸ ਕਮਾਈਆਂ ਕਰਦੇ ਹੀ ਨਹੀਂ। ਸ਼ਰਧਾ ਜੋ ਨ ਹੋਈ ਨਾਮ ਉਪਰ, ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰਦੇਵ ਮੰਨਦੇ ਹੀ ਨਹੀਂ। ਕਿਉਂਕਿ ਉਹਨਾਂ ਨੂੰ ਸ੍ਰੀ ਦਸਮੇਸ਼ ਜੀ ਦੇ ਇਸ ਹਿਤ-ਉਪਦੇਸ਼ੀ ਵਾਕ ਉਪਰ ਯਕੀਨ ਨਹੀਂ :-

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੌ ਮਿਲਬੋ ਚਹੈ ਖੋਜ ਸਬਦ ਮਹਿ ਲੇਹ ॥

ਇਸ ਗੁਰ-ਸ਼ਬਦ ਨਾਮ ਗੁਰਮੰਤ੍ਰ ਦੀ ਖੋਜ ਲਈ ਜੋ ਜਨ ਸਿਖ ਸਦਾਇ ਕੈ ਪਰਘਰ ਢੂੰਡਣ ਜਾਂਵਦੇ ਹਨ ਅਤੇ ਸ੍ਰੀ ਦਸ਼ਮੇਸ਼ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਨਹੀਂ ਲੈਂਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰਦੇਵ ਨਹੀਂ ਮੰਨਦੇ, ਉਹ ਗੁਰੂ ਦੇ ਸਿਖ ਨਹੀਂ ਗੁਰੂ ਦੇ ਬੇਮੁਖ ਹਨ। ਗੁਰੂ ਦਸਮੇਸ਼ ਜੀ ਦੇ ਹੁਕਮਾਂ ਤੋਂ ਮੁਨਹਰਫ਼ ਹਨ। ਉਹਨਾਂ ਦੇ ਘਟ ਮਾਹਿ ਗੁਰੂ ਵਾਹਿਗੁਰੂ ਦੇ ਪੂਰਨ ਜਾਗਤ ਜੋਤਿ ਕੈਸੇ ਜਗ ਸਕਦੀ ਹੈ? ਹਾਂ ਸ੍ਰੀ ਦਸਮੇਸ਼ ਜੀ ਦੇ ਜੋ ਨਿਰੋਲ ਨਿਖਾਲਸ ਅਨਿੰਨ ਖਾਲਸਾ ਸੁਜਾਨ ਹਨ, ਉਹਨਾਂ ਨੂੰ ਗੁਰੂ ਦਸਮੇਸ਼ ਜੀ ਦੇ ਹੁਕਮਾਂ ਉਪਰ ਪੂਰਨ ਸ਼ਰਧਾ ਭਾਵਨੀ ਹੈ, ਉਹ ਸ਼ਰਧਾ ਭਾਵਨੀ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸੱਚਾ ਗੁਰੂ, ਦਸਾਂ ਗੁਰੂ ਸਾਹਿਬਾਂ ਦਾ ਪ੍ਰਗਟ ਹਾਜ਼ਰ ਸਰੂਪ ਮਨ ਬੱਚ ਕ੍ਰਮ ਕਰਕੇ ਮੰਨਦੇ ਹਨ ਅਤੇ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦੇ ਸੱਚੇ ਹੁਕਮਾਂ ਦੇ ਧਾਰਨੀ ਹੁੰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਦੇ ਹਨ ਅਤੇ ਅਗੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਨੂੰ ਕਮਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਾਂ ਸਿਰ ਹੁਕਮ ਸੱਚਾ ਹੁਕਮ ਨਾਮ 'ਜਾਗਤ ਜੋਤਿ' ਦਾ ਜਪਣਾ ਹੈ। ਅੰਮ੍ਰਿਤ ਛਕਣ ਸਮੇਂ ਜਿਨ੍ਹਾਂ ਵਡਭਾਗੇ ਜਨਾਂ ਨੂੰ ਨਾਮ ਅਭਿਆਸ ਕਮਾਈ ਵਾਲੇ ਜੋਤਿ-ਜਗੰਨੇ ਗੁਰਮੁਖ ਪੰਜਾਂ ਪਿਆਰੀਆਂ ਤੋਂ ਅੰਮ੍ਰਿਤ ਛਕਣ ਅਤੇ ਨਾਮ ਗੁਰਮੰਤ੍ਰ ਲੈਣ ਦਾ ਸੁਭਾਗ ਪ੍ਰਾਪਤ ਹੋ ਗਿਆ, ਤਿਨ੍ਹਾਂ ਨੂੰ 'ਜਾਗਤ ਜੋਤਿ' ਦੇ ਨਿਸਬਾਸਰ ਜਪਣ ਨਾਲ ਘਟ-ਜੋਤਿ-ਪ੍ਰਕਾਸ਼, ਅਰਥਾਤ ਪੂਰਨ ਜੋਤਿ ਘਟ ਮਾਹਿ ਜਗਣ ਦਾ ਸੁਭਾਗ ਭੀ ਅਵੱਸ਼ ਪ੍ਰਾਪਤ ਹੋ ਜਾਏਗਾ। ਪਰ ਸ਼ੋਕ ਵਾਲੀ ਗੱਲ ਇਹ ਹੈ ਕਿ ਪੂਰਨ ਗੁਰਮਤਿ ਬਿਧੀ ਅਨੁਸਾਰ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰਨ ਦਾ ਸੰਜੋਗ ਘਟ ਜੁੜਦਾ ਹੈ। ਨਾ ਹੀ ਆਮ ਜਗਿਆਸੂਆਂ ਨੂੰ ਇਹ ਸ਼ਰਧਾ ਹੈ, ਉਹ ਕਲ-ਮਕੱਲੇ ਸੰਤਾਂ ਸਾਧਾਂ ਪਾਸ ਜਾ ਜਾ ਕੇ ਨਾਮ-ਗੁਰਮੰਤ੍ਰ ਲੈਣ ਲਈ ਲੇਹਲੜੀਆ ਕੱਢਦੇ ਹਨ।

ਨਿਸਚੇ ਕਰਿ ਯਾਦ ਰਖਣ ਵਾਲੀ ਗੱਲ ਹੈ ਕਿ ਕਿਸੇ ਇਕ ਸਿਖ ਸੰਤ ਪਾਸੋਂ ਨਾਮ-ਗੁਰਮੰਤ੍ਰ ਲਇਆਂ ਕਦੇ ਭੀ ਫਲੀਭੂਤ ਨਹੀਂ ਹੋ ਸਕਦਾ। ਨਾਮ ਦੀ ਪਾਰਸ-ਕਲਾ ਇਸ ਬਿਧ ਵਰਤ ਹੀ ਨਹੀਂ ਸਕਦੀ। ਸੁਣਿਆ ਸੁਣਾਇਆ, ਪੁਸਤਕਾਂ, ਲੇਖਾਂ ਵਿਚ ਪੜ੍ਹਿਆ ਪੜ੍ਹਾਇਆ ਨਾਮ ਕਦੇ ਦ੍ਰਿੜ੍ਹ ਨਹੀਂ ਹੋ ਸਕਦਾ, ਚਾਹੇ ਲੱਖ ਉਕਤੀਆਂ ਜੁਗਤੀਆਂ ਨਾਮ ਜਪਣ ਦੀਆਂ ਦਸੀਆਂ ਪੁਛੀਆ ਜਾਣ। ਜਦ ਨਾਮ ਦ੍ਰਿੜ੍ਹ ਹੀ ਨਹੀਂ ਹੋ ਸਕਦਾ ਤਾਂ :-

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ॥

ਵਾਲੀ ਬਿਵਸਥਾ ਪ੍ਰਾਪਤੀ ਦੀ ਦਿੱਲੀ ਤਾਂ ਬਹੁਤ ਦੂਰਿ ਹੈ। ਆਓ ਜਿਨ੍ਹਾਂ ਇਹ ਦਿੱਲੀ ਦੇਖਣੀ ਹੈ ਤਾਂ ਦਿੱਲੀਓਂ ਦਖਣ ਜਾ ਕੇ ਸ੍ਰੀ ਦਸਮੇਸ਼ ਜੀ ਦੇ ਹੁਕਮ-ਪੂਰਨਿਆਂ ਦੀ ਬਹੀ ਬੀਚਾਰੀਏ। ਓਥੇ ਜਾ ਕੇ ਦੇਖੀਏ ਕਿ ਇਸ ਬਹੀ ਉਤੇ ਕੀ ਲਿਖਿਆ ਹੈ। ਗੁਰੂ ਦਸਮੇਸ਼ ਸੱਚਾ ਪਾਤਸ਼ਾਹ ਜਿਨ੍ਹਾਂ ਉਤੇ ਨਿਹਾਲ ਹੋਵੇਗਾ, ਉਨ੍ਹਾਂ ਨੂੰ ਇਹ ਬਹੀ ਗੁਰੂ ਆਪ ਵੇਖਾਲੇਗਾ। ਓਹ ਨਦਰੀ ਨਦਰ ਨਿਹਾਲ ਹੋ ਜਾਣਗੇ ਅਤੇ "ਜਗਮਗ ਜੋਤਿ ਬਿਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ" ਦਾ ਜੋਤਿ-ਜੰਗਨਾ ਦ੍ਰਿਸ਼ਯ ਦੇਖਣਗੇ।

# ਖਾਲਸੇ ਮਹਿ ਹੌ ਕਰੌ ਨਿਵਾਸ

(ਪ੍ਰੋਫੈਸਰ ਜੋਗਿੰਦਰ ਸਿੰਘ ਜੀ ਦਿੱਲੀ)

ਖਾਲਸੇ ਦੀ ਆਤਮਕ ਤੇ ਅੰਮ੍ਰਿਤਮਈ ਜੀਵਨ ਕ੍ਰਿਆ ਸਿਰਜਨ ਵਿੱਚ ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ, ਸਾਰੀ ਗੁਰੂ ਪ੍ਰੰਪਰਾ ਦਾ ਯੋਗਦਾਨ ਹੈ, ਪਰ 'ਖ਼ਾਲਸਾ ਸਖ਼ਸੀਅਤਾ' ਨੂੰ ਨਿਆਰਾ ਸਰੂਪ ਪ੍ਰਦਾਨ ਕਰ ਕੇ, ਉਸ ਦੀ ਵਿਲੱਖਣ ਹੋਂਦ ਤੇ ਹਸਤੀ ਸਥਾਪਿਤ ਕਰਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਚਿੱਤਰ ਤੇ ਇਤਿਹਾਸਿਕ ਦੇਣ ਹੈ। ਗੁਰੂ-ਬੋਲੀ ਵਿਚ ਜਿਸ ਨੂੰ 'ਖਾਲਸਾ' ਆਖਿਆ ਗਿਆ ਹੈ, ਉਹ ਕੇਵਲ ਸਰੀਰ ਜਾਂ ਵਿਅਕਤੀ ਹੀ ਨਹੀਂ, ਸਗੋਂ ਅੰਦਰੋ-ਬਾਹਰੋਂ ਸੱਚ-ਆਚਾਰ ਦੇ ਰੂਪ ਵਿਚ ਸ਼ਿੰਗਾਰਿਆ ਹੋਇਆ ਹੈ, ਅੰਮ੍ਰਿਤਮਈ ਸਰੂਪ ਦਾ ਸੁਆਮੀ ਹੈ, ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਵਿਚ ਗੁਰੂ-ਮਤਿ ਦੇ ਗੁਰੂ-ਸੰਕਲਪ ਦਾ ਵਾਰਿਸ ਹੈ ਅਤੇ ਸਤਿਗੁਰੂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰੀ ਵੀ ਹੈ। ਗੁਰੂ ਜਾਂ ਸਤਿਗੁਰੂ ਦੀ ਸਰੀਰਕ ਹੋਂਦ ਸੀ। 1469 ਈ: ਤੋਂ 1708 ਈ: ਤਕ ੨੩੯ ਸਾਲ ਦਸ ਗੁਰੂ-ਪਾਤਿਸ਼ਾਹ ਸ੍ਰਿਸ਼ਟੀ ਮੰਡਲ ਵਿਚ ਸਰੀਰ ਜਾ ਕਾਇਆ ਰੂਪ ਵਿਚ ਹੀ ਵਿਚਰਦੇ ਰਹੇ, ਧਰਤਿ-ਲੁਕਾਈ ਨੂੰ ਸੋਧਣ ਲਈ ਸੱਚ-ਆਚਾਰ ਤੇ ਧਰਮ-ਗਿਆਨ ਦੀਆਂ ਕੀਮਤਾਂ ਅਤੇ ਆਦਰਸ਼ਾਂ ਨੂੰ ਉਜਾਗਰ ਕਰਦੇ ਰਹੇ, ਆਪਣੇ ਬੋਲਾਂ ਨੂੰ 'ਬਾਣੀ' ਰੂਪ ਵਿਚ ਸਿਰਜਦੇ ਤੇ ਸੰਭਾਲਦੇ ਰਹੇ। ਇਹ ਵੀ ਇਤਿਹਾਸਿਕ ਸੱਚ-ਤੱਥ ਹੈ ਕਿ ਸਿੱਖ ਧਰਮ ਦੀ ਸੰਪੂਰਨਤਾ ਲਈ ਜਾਂ ਆਪਣੀ ਸਿੱਖ ਸੰਗਤ ਨੂੰ ਖਾਲਸਾ ਸਜਾਣ ਤਕ ਸਮੇਂ-ਸਮੇਂ ਸਰੀਰ ਜਾਂ ਕਾਇਆ ਬਦਲਦੇ ਵੀ ਰਹੇ। ਦੱਸੇ ਗੁਰੂ ਸਾਹਿਬਾਨ ਦਾ ਇਤਿਹਾਸ ਸਾਖੀ ਹੈ, ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਰੀਰਬੋਧ ਰੂਪ ਵਿੱਚ ਗੁਰੂ ਜਾਂ ਸਤਿਗੁਰੂ ਹੋਣ ਦਾ ਇਤਿਹਾਸਕ ਰੋਲ, ਅਦਾ ਕਰਦੇ ਰਹੇ। ਪਰ ਗੁਰੂ-ਸਤਿਗੁਰੂ-ਪ੍ਰੰਪਰਾ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ, ਕਿ ਉਨ੍ਹਾਂ ਨੇ ਸਰੀਰਬੱਧ ਹਉਂ ਵਿਚ ਜੰਮ-ਪਲ ਕੇ, ਵਡੇ ਹੋ ਕੇ ਵੀ ਆਪਣੀ ਹਉਂ ਜਾਂ ਮੈਂ ਦੀ ਹੋਂਦ ਨੂੰ ਨਾ ਮੰਨਿਆ ਹੈ ਅਤੇ ਨਾ ਹੀ ਸਵਾਸਾਂ ਦੀ ਖੇਡ ਵਿਚ ਕਿਸੇ ਪਲ ਜਤਲਾਇਆ ਹੈ। ਸਾਰੇ ਗੁਰੂ ਸਾਹਿਬਾਨ ਨੇ ਆਪਣਾ ਸਿਰਜਣਹਾਰ ਪ੍ਰਭੂ-ਨਿਰੰਕਾਰ ਨੂੰ ਸਵੀਕਾਰ ਕੀਤਾ ਹੈ। ਸਾਰੀ ਗੁਰੂ-ਪ੍ਰੰਪਰਾ ਸਵੀਕਾਰ ਕਰਦੀ ਹੈ, ਕਿ ਸਾਡੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਵਿਚ ਪ੍ਰਭੂ-ਜੋਤਿ ਦਾ ਪ੍ਰਕਾਸ਼ ਹੈ, ਸਾਰਾ ਸ੍ਰਿਸ਼ਟੀ-ਮੰਡਲ ਪ੍ਰਭੂ ਹੁਕਮਾਉ ਵਿਚ ਅਪਣਾ ਕਾਰ-ਵਿਹਾਰ ਕਰ ਰਿਹਾ ਹੈ, ਜੋ ਮਨ ਜਾਂ ਮਨੁੱਖ ਚਾਹੁੰਦਾ ਹੈ, ਉਹ ਨਹੀਂ ਜੋ ਪ੍ਰਭੂ ਜਾਂ ਕਰਤਾ ਪੁਰਖ ਚਾਹੁੰਦਾ ਹੈ, ਉਹ ਸਭ ਹੋ ਰਿਹਾ ਹੈ, ਪ੍ਰਭੂ-ਹੁਕਮ ਤੋਂ ਬਾਹਰ ਕੁਝ ਵੀ ਨਹੀਂ। ਗੁਰੂ ਸਾਹਿਬਾਨ ਚੂੰਕਿ ਪ੍ਰਭੂ ਵਲੋਂ ਹੀ ਧਰਤਿ-ਲੁਕਾਈ ਦੇ ਸੁਧਾਰ ਤੇ ਉਧਾਰ ਲਈ ਪਠਾਏ ਜਾਂ ਭੇਜੇ ਹੋਏ ਸਨ, ਇਸ ਲਈ ਸਾਰੇ ਗੁਰੂ ਸਾਹਿਬਾਨ ਪ੍ਰਭੂ-ਨਿਰੰਕਾਰ ਵਲੋਂ ਜੋ ਆਇਸ ਜਾਂ ਆਦੇਸ਼ ਲੈ ਕੇ ਆਏ ਸਨ, ਉਨ੍ਹਾਂ ਕੇਵਲ ਉਸੇ ਆਇਸ-ਹੁਕਮਾਂ, ਅੰਮ੍ਰਿਤਮਈ ਬੋਲਾਂ, ਉਪਦੇਸ਼ਾਂ, ਗੁਣਾਂ ਤੇ ਰਹਿਤ ਕ੍ਰਿਆ ਨੂੰ ਪਰਜਾ ਤਕ ਪਹੁੰਚਾਇਆ, ਕੇਵਲ ਪਹੁੰਚਾਇਆ ਹੀ ਨਹੀਂ, ਸਗੋਂ ਆਪਣੇ ਆਪ ਨੂੰ ਪ੍ਰਭੂ-ਨਿਰੰਕਾਰ ਨਾਲ ਇਕਸੁਰ ਤੇ ਇਕਰੂਪ ਕਰ ਕੇ, ਪ੍ਰਭੂ ਵਰਗਾ ਸਚਿਆਰ, ਕਰਤਾਰੀ, ਪੁਰਖ, ਨਿਰਭਉ, ਨਿਰਵੈਰ ਤੇ ਪ੍ਰਸ਼ਾਦਿ ਗੁਣਾਂ ਦਾ ਮਾਲਕ ਬਣ ਕੇ, ਮਾਨਵ-ਜਾਤਿ ਨੂੰ ਪ੍ਰੇਰਨਾਂ ਕੀਤੀ ਹੈ, ਕਿ ਜੇ ਸੁਖ ਸਹਿਜ, ਆਨੰਦ ਤੇ ਖਾਲਸਾ ਜੀਵਨ ਸਿਰਜਨਾਂ ਤੇ ਮਾਣਤਾਂ ਚਾਹੁੰਦੇ ਹੋ ਤਾਂ ਪ੍ਰਭੂ-ਨਿਰੰਕਾਰ ਨੂੰ ਹੀ ਸਮਰਪਿਤ ਹੋਵੋ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦਾ ਹਰ ਬੋਲ-ਪ੍ਰਭੂ-ਨਿਰੰਕਾਰ ਦਾ ਬੋਲ ਹੈ, ਪ੍ਰਭੂ-ਨਿਰੰਕਾਰ ਦੀ ਸਿਫ਼ਤ ਸਾਲਾਹ ਹੈ, ਪ੍ਰਭੂ-ਸੱਚ-ਆਚਾਰ ਦਾ ਪ੍ਰਕਾਸ਼ ਹੈ, ਪ੍ਰਭੂ ਦੀ ਅੰਮ੍ਰਿਤਮਈ ਕਥਾ ਦਾ ਇਤਿਹਾਸ ਹੈ, ਪ੍ਰਭੂ ਦੀ ਅਧਿਆਤਮਿਕ ਰਹਿਤ ਦਾ ਆਦੇਸ਼ ਹੈ। ਭਾਰਤੀ ਧਰਮ-ਪ੍ਰੰਪਰਾ ਦੇ ਇਤਿਹਾਸ ਵਿਚ ਗੁਰੂ-ਪ੍ਰੰਪਰਾ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹੀ ਹੈ ਕਿ ਗੁਰੂ ਸਾਹਿਬਾਨ ਨੇ 1708 ਈ: ਵਿਚ ਆਪਣਾ ਸਰੀਰਬੱਧ ਆਪਾ ਸਮਾਪਤ ਕਰ ਕੇ, ਸੰਪੂਰਨ ਰੂਪ ਵਿਚ ਤੇ ਸਦਾ ਵਾਸਤੇ ਆਪਣੀ ਗੁਰੂ-ਹੋਂਦ ਨੂੰ ਆਪਣੇ ਗੁਰੂ-ਬੋਲ-ਬਾਣੀ ਰਾਹੀਂ ਮੂਰਤੀਮਾਨ ਕਰ ਦਿੱਤਾ ਹੈ। ਬੋਲ-ਬਾਣੀ ਸਦੀਵੀ ਹੈ, ਸਰੀਰ ਸਥਿਰ ਨਹੀਂ। ਇਹੀ ਕਾਰਨ ਹੈ, ਕਿ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਤੇ ਜੁਗਤਿ, ਬੋਲ ਤੇ ਬਾਣੀ, ਅਨੁਭਵ ਤੇ ਪ੍ਰਕਾਸ਼ ਸਦਾ ਹੀ ਜੁਗੋ ਜੁਗ ਅਟੱਲ ਹੈ, ਸਦਾ ਅਮਰ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਗੁਰੂ-ਜੋਤਿ ਨੂੰ ਬਾਣੀ-ਗ੍ਰੰਥ ਵਿਚ ਟਿਕਾ ਕੇ ਜਿਥੇ ਗੁਰੂ ਦਾ ਕਾਇਆ ਰੂਪ ਸਦਾ ਸਦਾ ਵਾਸਤੇ ਸਮਾਪਤ ਕਰ ਦਿੱਤਾ, ਉਥੇ ਬਾਣੀ-ਗ੍ਰੰਥ ਨੂੰ ਪਹਿਲਾਂ ਆਪ ਮੱਥਾ ਟੇਕ ਕੇ, ਫਿਰ ਸਾਰੇ ਸਿੱਖਾਂ ਨੂੰ ਇਹ ਹੁਕਮ ਸੁਣਾ ਕੇ "ਗੁਰੂ ਮਾਨਿਓ ਗ੍ਰੰਥ" ਇਹ ਐਲਾਨ ਕਰ ਦਿੱਤਾ, ਕਿ ਸਿੱਖ ਧਰਮ ਵਿਚ 'ਗੁਰ-ਪਦਵੀ' ਕੇਵਲ ਉਸ ਬਾਣੀ-ਗ੍ਰੰਥ ਦੀ ਹੈ, ਜਿਸ ਵਿੱਚ 36 ਅਨੁਭਵੀ ਮਹਾਨ ਪੁਰਸ਼ਾਂ ਦੇ ਉਹ ਸਾਰੇ ਬਾਣੀ-ਬੋਲ ਪ੍ਰਕਾਸ਼ਮਾਨ ਹਨ, ਜਿਹੜੇ ਮੂਰਤੀਮਾਨ ਤਾਂ ਗੁਰੂ-ਹਿਰਦੇ ਰਾਹੀਂ ਹੋਏ ਹਨ, ਪਰ ਹੋਏ ਹਨ ਪ੍ਰਭੂ-ਹੁਕਮਾਉ ਵਿਚ। ਗੁਰੂ-ਪਦਵੀ ਮਿਲਣ ਪਿਛੋਂ ਹੀ ਬਾਣੀ-ਗ੍ਰੰਥ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਰੂਪ ਪ੍ਰਾਪਤ ਹੋ ਗਿਆ। ਇਹੀ ਕਾਰਨ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਗੁਰੂ-ਪ੍ਰੰਪਰਾ ਦੀ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਸੀ ਪ੍ਰਤੀਨਿੱਧਤਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਾਡੇ ਗੁਰੂ ਹੀ ਨਹੀਂ, ਸਗੋਂ ਸਾਰਾ ਸਿੱਖ ਪੰਥ ਵ੍ਹੀ ਗੁਰੂ ਦੀ ਤਾਬਿਆ ਵਿਚ ਹੀ ਰਹਿੰਦਾ ਅਤੇ ਜੀਉਂਦਾ ਹੈ। ਜਿਸ ਨੇ ਗੁਰੂ ਦਰਸ਼ਨ ਕਰਨੇ ਹਨ, ਗੁਰੂ ਦੀ ਸੰਗਤ ਕਰਨੀ ਹੈ, ਗੁਰੂ ਦੀ ਸਿਫ਼ਤ ਸਾਲਾਹ ਕਰਨੀ ਹੈ, ਗੁਰੂ ਦੇ ਸਿਖਿਆ-ਉਪਦੇਸ਼ ਲੈਣੇ ਹਨ, ਗੁਰੂ ਦੀ ਵਡਿਆਈ ਕਰਨੀ ਹੈ, ਗੁਰੂ ਦੀਆਂ ਅਸੀਸਾਂ ਤੇ ਖੁਸ਼ੀਆਂ ਮਾਨਣੀਆਂ ਹਨ, ਉਹ ਸਿੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਬਾਣੀ ਵਿਚ ਆਪਣਾ ਰਿਸ਼ਤਾ ਜੋੜੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪਦਵੀਂ ਪ੍ਰਦਾਨ ਕਰਨ ਦੀ ਇਤਿਹਾਸਕ ਕ੍ਰਿਆ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟਾਈ ਹੈ, ਪਰ 'ਸ਼ਬਦ-ਬਾਣੀ' ਨੂੰ 'ਗੁਰੂ' ਕਹਿਣ ਦੀ ਸਿਧਾਂਤਕ ਪ੍ਰੰਪਰਾ ਆਪ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੀ ਸੀ। ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਸੀ, ਕਿ ਤੁਹਾਡਾ 'ਗੁਰੂ' ਕੌਣ ਹੈ, ਤਾਂ ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਜਵਾਬ ਸੀ, ਕਿ 'ਸ਼ਬਦ' ਹੀ ਮੇਰਾ 'ਗੁਰੂ' ਹੈ :

ਤੇਰਾ ਕਵਣ ਗੁਰੂ ਜਿਸ ਕਾ ਤੂ ਚੇਲਾ ॥

........ ........ ..........

ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ॥ (ਮ: ੧)

ਐਸਾ ਹੀ ਪ੍ਰਸ਼ਨ ਗੁਰੂ-ਸਿੱਖਾਂ ਨੇ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਨੂੰ ਕਿਸੇ ਵਕਤ ਕੀਤਾ ਹੋਵੇਗਾ, ਤਾਂ ਉਨ੍ਹਾਂ ਵੀ ਗੁਰੂ ਨਾਨਕ ਦੇਵ ਜੀ ਦੀ ਸੋਚ ਅਨੁਸਾਰ ਹੀ ਜਵਾਬ ਦਿੱਤਾ ਸੀ, ਕਿ 'ਬਾਣੀ' ਹੀ ਸਾਡਾ 'ਗੁਰੂ' ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖਿ ਗੁਰੂ ਨਿਸਤਾਰੇ ॥

(ਨਟ, 4 ਮਹੱਲਾ ੪, ਪੰਨਾ ੯੮੨)

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖਾਂ ਨੇ ਪੁਛਿਆ, ਕਿ ਤੁਹਾਡਾ 'ਗੁਰੂ' ਕੌਣ ਹੈ, ਤਾਂ ਉਨ੍ਹਾਂ ਦਾ ਜਵਾਬ ਵੀ ਗੁਰੂ-ਪ੍ਰੰਪਰਾ ਵਾਲਾ ਹੀ ਸੀ, ਕਿ ਮੇਰਾ 'ਗੁਰੂ' 'ਗਿਆਨ' ਹੈ, ਉਹ 'ਗਿਆਨ-ਪ੍ਰਕਾਸ਼' ਜਿਹੜਾ ਸ਼ੁਧ ਰੂਪ ਵਿਚ ਸ਼ਬਦ-ਬਾਣੀ ਵਿੱਚ ਮੂਰਤੀਮਾਨ ਹੈ। ਸ਼ਬਦ-ਬਾਣੀ ਤੇ ਗਿਆਨ-ਪੱਦਾਂ ਵਿਚ ਅੰਤਰ ਕੇਵਲ ਬੋਲੀ ਦਾ ਹੈ, ਪਰ ਇਹਨਾਂ ਸ਼ਬਦ-ਪਦਾਂ ਦੀ ਆਤਮਕ ਭਾਵਨਾ, ਜੀਵਨ-ਕ੍ਰਿਆ, ਸੋਚ-ਚਿੰਤਨ, ਅਨੁਭਵ-ਪ੍ਰਕਾਸ਼, ਆਦਰਸ਼ ਤੇ ਉਦੇਸ਼ ਇਕੋ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ, ਸਾਰਾ ਸ਼ਬਦ ਭੰਡਾਰ, ਸਾਰਾ ਗਿਆਨ ਪ੍ਰਕਾਸ਼ ਗੁਰੂ ਵੀ ਹੈ ਅਤੇ ਗੁਰੂ-ਹਿਰਦੇ ਦਾ ਸਤਿ-ਪ੍ਰਕਾਸ਼ ਵੀ ਹੈ। ਜਿਵੇਂ ਗੁਰੂ ਜਾਂ ਗੁਰੂ-ਪ੍ਰੰਪਰਾ ਰੂਪ-ਰੰਗ, ਜਾਤਿ-ਪਾਤਿ, ਵਰਨ ਧਰਮ, ਰੇਖ-ਭੇਖ, ਬੋਲੀ ਸ਼ੈਲੀ ਦੇ ਵੰਡ-ਵਿਤਕਰਿਆਂ ਨੂੰ ਸਵੀਕਾਰ ਨਹੀਂ ਕਰਦੀ, ਇਸੇ ਤਰ੍ਹਾਂ ਗੁਰੂ ਸ਼ਬਦ ਜਾਂ ਗੁਰੂ-ਬਾਣੀ ਵੀ ਕਿਸੇ ਵੰਡ ਜਾਂ ਵਿਤਕਰੇ ਨੂੰ ਸਵੀਕਾਰ ਨਹੀਂ ਕਰਦੀ। 'ਸਭੇ ਸਾਂਝੀਵਾਲ ਸਦਾਇਨਿ' ਤੇ 'ਮਾਨਸ ਕੀ ਜਾਤ' ਸਭੈ ਏਕੋ ਪਹਿਚਾਨਬੋ' ਦੀ ਬਿਰਤੀ ਪ੍ਰਚੰਡ ਰੂਪ ਵਿਚ ਸਾਰੀ ਗੁਰੂ-ਪ੍ਰੰਪਰਾ ਦੀ ਬਿਰਤੀ ਹੈ। ਦੱਸਾਂ ਗੁਰੂ ਸਾਹਿਬਾਨ ਦੀ ਜੋਤਿ ਤੇ ਜੁਗਤਿ ਚੂੰਕਿ ਇਕ ਹੈ, ਇਕੋ ਜਿਹੀ ਹੈ ਇਕਸੁਰ

ਅਤੇ ਇਕਸਾਰ ਹੈ, ਇਸ ਕਰ ਕੇ ਗੁਰੂ ਤੇ ਬਾਣੀ ਦੀ ਸੁਰ ਵੀ ਇਕ ਹੈ, ਇਕੋ ਜਿਹੀ ਹੈ ਇਕਸਾਰ ਹੈ। ਨਾ ਗੁਰੂ-ਪ੍ਰੰਪਰਾ ਵਿਚ ਵੰਡ ਤੇ ਵਿਤਕਰਾ ਹੈ ਨਾ ਹੀ ਬਾਣੀ ਵਿਚ ਕਿਸੇ ਵੰਡ-ਵਿਤਕਰੇ ਨੂੰ ਲਿਆਂਦਾ ਜਾ ਸਕਦਾ ਹੈ। ਬਾਣੀ ਹੀ ਸ਼ੁੱਧ ਤੇ ਸੰਪੂਰਨ ਰੂਪ ਵਿਚ 'ਗੁਰੂ' ਹੈ, ਤੇ 'ਗੁਰੂ' ਦਾ ਸੰਪੂਰਨ ਨਿਵਾਸ 'ਬਾਣੀ' ਵਿਚ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪਦਵੀ ਪ੍ਰਦਾਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਰਹੱਸ ਸਾਰੇ ਸਿੱਖ ਪੰਥ ਨੂੰ ਸਮਝਾ ਦਿੱਤਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਰਚਨਾ ਭਾਵੇਂ ਗੁਰੂ ਸਾਹਿਬਾਨ ਦੀ ਹੈ, ਭਗਤਾਂ ਜਾਂ ਭੱਟਾਂ ਦੀ ਹੈ, ਰਬਾਬੀ ਸੱਤਾ, ਬਲਵੰਡ ਤੇ ਮਰਦਾਨਾਂ ਦੀ ਹੈ ਜਾਂ ਸੁੰਦਰ ਸਿੱਖ ਦੀ ਹੈ, ਸਾਰੀ ਰਚਨਾ 'ਸ਼ਬਦ' ਵੀ ਹੈ ਅਤੇ 'ਬਾਣੀ' ਵੀ ਹੈ। ਚੂੰਕਿ ਸ਼ਬਦ-ਬਾਣੀ ਦਾ ਪ੍ਰਕਾਸ਼ ਅੰਮ੍ਰਿਤਮਈ ਗੁਰੂ-ਹਿਰਦਿਆਂ ਰਾਹੀਂ ਹੋਇਆ ਹੈ, ਇਸ ਲਈ 'ਸ਼ਬਦ' ਵੀ ਅੰਮ੍ਰਿਤ ਹੈ ਅਤੇ 'ਬਾਣੀ' ਵੀ ਅੰਮ੍ਰਿਤ ਹੈ। ਸ਼ਬਦ ਜਾਂ ਬਾਣੀ ਵਿਚ ਮੌਤ ਤੇ ਮੈਲ ਦੀ ਕੋਈ ਥਾਂ ਨਹੀਂ। ਜਿਸ ਪ੍ਰਭੂ ਜਾਂ ਧੁਰ ਵੱਲੋਂ ਗੁਰੂ ਸਾਹਿਬਾਨ ਨੂੰ ਇਹ ਬਾਣੀ ਪ੍ਰਾਪਤ ਹੋਈ ਹੈ, ਉਹ ਵੀ 'ਸੈਭੰ' ਹੈ, ਸਦਾ ਹੈ, ਉਸ ਦੀ ਹੋਂਦ ਹਸਤੀ ਆਪਣੇ ਆਪ ਵਿਚ ਹੈ, ਉਸ ਨੂੰ ਜਨਮ ਦੇਣ ਵਾਲਾ ਜਾਂ ਸਥਾਪਿਤ ਕਰਨ ਵਾਲਾ ਵੀ ਕੋਈ ਨਹੀਂ, ਇਸ ਲਈ ਉਹ ਅਕਾਲ ਹੈ, ਕਾਲ ਦੀ ਸੀਮਾ ਵਿਚ ਨਹੀਂ, ਮਰਦਾ ਨਹੀਂ ਅਤੇ ਨਾ ਹੀ ਮੈਲਾ ਹੁੰਦਾ ਹੈ। ਉਹ ਸਦਾ ਸਤਿ ਤੇ ਅਤੇ ਨਵਾਂ ਨਿਰੋਆ ਹੈ, ਪੁਰਾਣਾ ਨਹੀਂ ਹੁੰਦਾ। ਜਿਸ ਦਾ ਸਰੂਪ ਸਤਿ ਵਾਲਾ ਹੈ, ਕਰਤਾਰੀ ਹੈ, ਵੈਰ-ਮੁਕਤ, ਭੈ-ਮੁਕਤ ਤੇ ਪਤਿ ਵਾਲਾ ਹੈ, ਉਹ ਆਪ ਵੀ ਅੰਮ੍ਰਿਤਮਈ ਜੀਵਨ ਸਿਰਜਣ ਦੇ ਸਰੋਤ ਵੀ ਹਨ। ਇਹੀ ਕਾਰਨ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਬੋਲ, ਹਰ ਸ਼ਬਦ, ਹਰ ਵਾਕ, ਅੰਮ੍ਰਿਤਮਈ ਜੀਵਨ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ। ਜੇ ਕਿਧਰੇ ਕੂੜ, ਹਉਮੈ, ਦੈਤ, ਕਪਟ, ਕੋੜਾ ਬੋਲ ਤੇ ਮੈਲ-ਬਿਰਤੀਆਂ ਦਾ ਵਿਰੋਧ ਹੈ, ਤਾਂ ਉਹ ਵੀ ਬੜੀ ਮਿੱਠੀ ਤੇ ਅੰਮ੍ਰਿਤਮਈ ਬੋਲੀ ਵਿਚ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਰੋਧੀ ਸੁਰ ਵੀ ਇੰਲੀ ਨਿਖੇਦਾਤਮਿਕ ਨਹੀਂ, ਜਿੰਨੀ ਸਾਕਾਰਾਤਮਿਕ ਤੇ ਸਿਰਜਨਾਤਮਿਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜਾਤੀ ਤੇ ਜਮਾਤੀ ਪੱਧਰ ਉਤੇ ਇਕ ਐਸੀ ਧਰਮੀ, ਸੰਪੂਰਨ ਤੇ ਪਤਿ ਵਾਲੀ ਸ਼ਖਸੀਅਤ ਸਿਰਜਦੀ ਹੈ, ਜਿਸ ਨੂੰ ਖਾਲਸਾ, ਗੁਰਮੁਖਿ ਤੇ ਅੰਮ੍ਰਿਤਮਈ ਆਖਿਆ ਜਾ ਸਕਦਾ ਹੈ।

ਖਾਲਸੇ ਦਾ ਸਪਸ਼ਟ ਅਰਥ-ਭਾਵ ਇਹ ਹੈ, ਜਿਹੜਾ ਅੰਦਰੋਂ-ਬਾਹਰੋਂ ਸ਼ੁੱਧ ਹੈ, ਜਿਸ ਵਿਚ ਗਿਰਾਵਟ ਤੇ ਗੁਲਾਮੀ ਦਾ ਡਰ ਬਿਲਕੁਲ ਨਹੀਂ, ਜਿਹੜਾ ਆਪਣੇ ਆਪ ਨੂੰ ਅਧਿਆਤਮਿਕ ਤੇ ਆਦਰਸ਼ਕ ਸਵੀਕਾਰ ਕਰਦਾ ਹੈ। ਖਾਲਸਾ ਉਹੀ ਹੈ, ਜਿਸਨੇ ਆਪਣਾ ਤਨ, ਮਨ ਤੇ ਧਨ ਗੁਰੂ ਨੂੰ ਸਮਰਪਿਤ ਕੀਤਾ ਹੋਇਆ ਹੈ। ਜਿਹੜਾ ਮੈਂ ਹਉਂ ਤੋਂ ਮੁਕਤ ਤੇ ਸੁਤੰਤਰ ਹੋ ਗਿਆ ਹੈ, ਉਹੀ ਗੁਰੂ-ਦਰਬਾਰ ਵਿਚ ਖਾਲਸਾ ਹੈ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤਕ ਸਾਰੀ ਗੁਰੂ-ਪ੍ਰੰਪਰਾ ਆਪਣੇ ਸਿੱਖਾਂ ਨੂੰ ਖਾਲਸ ਸਿਰਜਦੀ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸ ਸਿੱਖਾਂ ਨੂੰ ਹੀ ਪਹਿਲੀ ਵਾਰੀ ਅੰਮ੍ਰਿਤ ਦੀ ਦਾਤਿ ਪ੍ਰਦਾਨ ਕਰਕੇ ਜਾਂ ਛਕਾ ਕੇ ਖਾਲਸਾ ਸਜਾਇਆ ਸੀ। ਖਾਲਸਾ ਸ਼ਖਸੀਅਤ ਨੂੰ ਅਧਿਆਤਮਿਕ ਅਰਥਾਂ ਵਿਚ ਗੁਰਮੁਖਿ ਵੀ ਆਖਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵਾਸਤੇ ਵੀ 'ਗੁਰਮੁਖਿ' ਪਦ ਦੀ ਵਰਤੋਂ ਕੀਤੀ ਹੈ। ਗੁਰਮੁਖਿ ਦਾ ਸਪਸ਼ਟ ਅਰਥ-ਭਾਵ ਹੈ, ਉਹ 'ਮੁਖਿ' ਜਿਹੜਾ ਬਿਲਕੁਲ 'ਗੁਰੂ' ਵਰਗਾ ਹੈ। ਮਨੁੱਖ ਸ਼ਖਸੀਅਤ ਦੇ ਚੰਗੇ ਜਾਂ ਭੈੜੇ ਹੋਣੀ ਦੀ ਪਹਿਚਾਣ 'ਮੁਖਿ' ਤੋਂ ਹੀ ਕੀਤੀ ਜਾਂਦੀ ਹੈ। ਜੇ ਮਨੁੱਖ ਦਾ ਮੁਖਿ ਕਰੂਪ ਹੈ, ਵਿਕਾਰੀ ਹੈ, ਮਾਇਆ-ਪਕੜ ਵਾਲਾ ਹੈ, ਸੰਸਾਰੀ ਬੰਧਨਾਂ ਵਿਚ ਜਕੜਿਆ ਹੋਇਆ ਹੈ, ਕਪਟੀ ਤੇ ਪਾਪੀ ਹੈ, ਧਰਮ-ਕ੍ਰਿਆ ਤੋਂ ਹੀਣਾ ਹੈ, ਨਾ ਸਹਿਜ ਹੈ, ਨਾ ਅਡੋਲਤਾ ਹੈ ਅਤੇ ਨਾ ਹੀ ਪਤਿ ਹੈ, ਅਜਿਹੇ ਮਨੁੱਖ ਨੂੰ 'ਗੁਰਮੁਖਿ' ਕੌਣ ਕਹਿ ਸਕਦਾ ਹੈ। ਗੁਰਮੁਖਿ ਬਣਨ ਲਈ ਤਾਂ ਗੁਰੂ ਵਰਗਾ ਮੁਖਿ ਸਿਰਜਨਾ ਅਤਿ ਲਾਜ਼ਮੀ ਹੈ। ਮੁਖਿ ਦੇ ਪਹਿਲੇ ਦਰਸ਼ਨ-ਦੀਦਾਰ ਤੋਂ ਹੀ ਜੀਵਨ-ਚਰਿੱਤਰ ਉਜਾਗਰ ਹੋਣ ਲਗ ਪੈਂਦਾ ਹੈ। ਜੇ ਮੁਖਿ ਵਿਚ ਹਰਿ ਹੈ, ਗੁਰੂ-ਸਿਮਰਤੀ ਹੈ, ਸੋਚ ਤੇ ਬੋਲ ਅੰਮ੍ਰਿਤਮਈ ਹੈ, ਜੀਵਨ-ਕ੍ਰਿਆ ਵੈਰ ਤੇ ਡਰ ਤੋਂ ਮੁਕਤ ਹੈ, ਚਿਤ ਵਿਚ ਧਰਮ-ਦੋਖੀਆਂ ਪ੍ਰਤੀ


www.AKJ.Org

ਯੁੱਧ ਦਾ ਚਾਅ ਹੈ, ਪਤਿ ਸੇਤੀ ਜੀਉਣ ਦਾ ਮਾਣ ਹੈ, ਤਾਂ ਸਮਝੋ ਐਸੀ ਸ਼ਖਸੀਅਤ, ਐਸਾ ਮਨੁੱਖ ਗੁਰਮੁਖਿ ਹੈ। ਜਿਵੇਂ ਗੁਰੂ ਦਾ ਮੁਖਿ ਉਜਲ ਰਹਿੰਦਾ ਹੈ, ਇਸੇ ਤਰ੍ਹਾ ਗੁਰਮੁਖਿ ਦਾ ਮੁਖਿ ਵੀ ਸਦਾ ਸਦਾ ਉਜਲਾ ਹੁੰਦਾ ਹੈ। ਉਜਲ ਜਾਂ ਖ਼ਾਲਸਾ ਮੁਖਿ ਵਾਲਾ ਸਿੱਖ ਹੀ ਗੁਰੂ ਕੋਲੋਂ ਅੰਮ੍ਰਿਤ ਛੱਕ ਕੇ, 'ਖਾਲਸਾ' ਸੱਜ ਸਕਦਾ ਹੈ। ਖ਼ਾਲਸਾ ਪੰਥ ਵਿਚ ਜਿੰਨ੍ਹਾਂ ਨੂੰ 'ਪੰਜ ਪਿਆਰੇ' ਦੇਣ ਦਾ ਪਹਿਲੀ ਵਾਰੀ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ, ਉਹ ਪੰਜੇ ਉਜਲ ਦੀਦਾਰ ਤੇ ਗੁਰੂ-ਮੁਖਿ ਵਾਲੇ ਖਾਲਸ ਤੇ ਸਮਰਪਿਤ ਸਿੱਖ ਹੀ ਸਨ। ਜੇ ਗੁਰੂ ਗੋਬਿੰਦ ਸਿੰਘ ਜੀ ਨੇ 'ਸੀਸ' ਮੰਗਿਆ ਤਾਂ 'ਸੀਸ' ਹਾਜ਼ਰ ਕਰ ਦਿੱਤਾ, ਜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ, ਤਾਂ ਪੰਜਾਂ ਨੇ ਅੰਮ੍ਰਿਤ ਛਕ ਲਿਆ। ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਚਿੱਤਰ ਕ੍ਰਿਆ ਵਿਚ ਪੂਰਨ ਪ੍ਰਤੀਤੀ ਪ੍ਰਗਟਾਈ। ਜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ, ਖਾਲਸਾ ਸਜਾ ਕੇ, ਪੰਜਾਂ ਪਿਆਰਿਆਂ ਕੋਲ 'ਮੈਨੂੰ ਵੀ ਅੰਮ੍ਰਿਤ ਛਕਾਉ' ਦੀ ਇੱਛਾ ਪ੍ਰਗਟਾਈ ਤਾਂ ਪੰਜਾਂ ਪਿਆਰਿਆਂ ਨੇ ਗੁਰੂ-ਵਿਧੀ ਅਨੁਸਾਰ ਗੁਰੂ ਗੋਬਿੰਦ ਸਿੰਘ ਨੂੰ ਅੰਮ੍ਰਿਤ ਛਕਾ ਕੇ ਉਜਲ ਦੀਦਾਰ, ਖਾਲਸ ਤੇ ਸਮਰਪਿਤ ਮੁਖਿ ਵਾਲੇ ਗੁਰੂ ਨੂੰ ਖਾਲਸਾ ਸਜਾ ਦਿੱਤਾ। 'ਖਾਲਸਾ' ਸੱਜਣ ਵੇਲੇ ਨਾ ਸਿੱਖਾਂ ਨੇ ਕੋਈ ਕਿੰਤੂ-ਪ੍ਰੰਤੂ ਕੀਤਾ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੇ। ਇਹੀ ਕਾਰਨ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਭਾਵੇਂ ਖਾਲਸੇ ਦੇ ਸਿਰਜਣਹਾਰ ਹਨ, ਪਰ ਉਨ੍ਹਾਂ ਨੇ ਖਾਲਸੇ ਨੂੰ ਆਪਣਾ 'ਗੁਰੂ-ਸਤਿਗੁਰੂ' ਸਥਾਪਿਤ ਕਰ ਕੇ ਤੇ ਆਪਣੇ ਆਪ ਨੂੰ 'ਖਾਲਸਾ' ਸਜਾ ਕੇ ਇਹ ਸਪਸ਼ਟ ਕਰ ਦਿੱਤਾ, ਕਿ ਗੁਰੂ ਤੇ ਖਾਲਸੇ ਵਿਚ ਕੋਈ ਅੰਤਰ-ਭੇਦ ਨਹੀਂ। ਗੁਰੂ ਵਿਚ ਖਾਲਸਾ ਸਜਾਣ ਦੀ ਸਮਰੱਥਾ ਹੈ। ਖਾਲਸੇ ਵਿਚ ਵੀ ਗੁਰੂ ਸਮਰੱਥਾ ਦਾ ਨਿਵਾਸ ਹੈ। ਗੁਰੂ ਤੇ ਖਾਲਸਾ ਇਕ ਹਨ, ਇਕਸੁਰ ਹਨ, ਇਕ ਰੂਪ ਹਨ। ਦੋਹਾਂ ਵਿਚ ਮੁਖ ਸਾਂਝ 'ਅੰਮ੍ਰਿਤ' ਤੇ 'ਅੰਮ੍ਰਿਤਮਈ' ਜੀਵਨ-ਕ੍ਰਿਆ ਦੀ ਹੈ।

ਵੈਸਾਖੀ ੧੬੯੯ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਬਚਿੱਤਰ ਢੰਗ ਨਾਲ 'ਖਾਲਸੇ' ਦੀ ਸਿਰਜਨਾ ਕੀਤੀ, ਉਸ ਵਚਿੱਤਰ ਢੰਗ ਦਾ ਹਰ ਕਰਮ ਤੇ ਕਾਰਜ ਨਵਾਂ ਹੀ ਨਹੀਂ ਸੀ, ਸਗੋਂ ਸਿੱਖ ਨੂੰ ਆਤਮਕ, ਸਮਾਜਕ, ਸਭਿਆਚਾਰਕ, ਸਦਾਚਾਰਕ ਤੇ ਰਾਜਨੀਤਕ ਪੱਧਰ ਉਤੇ ਸੰਪੂਰਨਤਾ ਪ੍ਰਦਾਨ ਕਰਨ ਵਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਅੰਮ੍ਰਿਤ ਤੇ ਮਰਯਾਦਾ ਨਾਲ ਇਕਸੁਰ ਕਰ ਕੇ, ਅੰਦਰੋਂ-ਬਾਹਰੋਂ ਸੰਪੂਰਨ ਕਰ ਕੇ, ਕੇਵਲ 'ਖਾਲਸਾ' ਦਾ ਸਿਰਜਨਾ ਹੀ ਨਾ ਕੀਤੀ, ਸਗੋਂ ਖਾਲਸਾ' ਦੀ ਵਿਸ਼ੇਸ਼ਤਾ ਪ੍ਰਗਟ ਤੇ ਨਿਸਚਿਤ ਕਰਨ ਲਈ ਆਪਣੇ ਆਪ ਨੂੰ ਖਾਲਸੇ ਦੀ ਸਮੁੱਚੀ ਪ੍ਰਤਿੱਭਾ ਤੇ ਕਮਾਈ ਨਾਲ ਇਕਸੁਰ ਤੇ ਇਕ ਰੂਪ ਵੀ ਕਰ ਲਿਆ। 'ਖਾਲਸੇ' ਦੀ ਪ੍ਰਸੰਸਾ ਵਿੱਚ ਆਖੇ ਸਾਰੇ ਵਾਕ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ 'ਦਸਮ ਗ੍ਰੰਥ' ਵਿਚੋਂ ਨਹੀਂ ਸਰਬ ਲੋਹ ਗ੍ਰੰਥ ਵਿਚੋਂ ਹਨ, ਪਰ ਖਾਲਸੇ ਦੀ ਪ੍ਰਸੰਸਾ ਵਿਚ ਪ੍ਰਸਿੱਧ ਹੋਏ ਸਾਰੇ ਵਾਕ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਰ-ਭਾਵਨਾ ਨੂੰ ਮੂਰਤੀਮਾਨ ਕਰਦੇ ਹਨ। ਖਾਲਸੇ ਦੀ ਸਿਰਜਨਾ ਇਤਿਹਾਸਕ ਪ੍ਰਸੰਗ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਹੈ, ਪਰ 'ਖਾਲਸਾ' ਦੇ ਪ੍ਰਗਟ ਹੋਣ ਨੂੰ ਪ੍ਰਮਾਤਮ ਦੀ ਮੌਜ ਨਾਲ ਜੋੜ ਕੇ, ਉਸ ਨੂੰ ਅਕਾਲ ਪੁਰਖ ਦੀ ਫ਼ੌਜ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਆਤਮਕ ਮਹੱਤਤਾ ਉਜਾਗਰ ਕਰਨ ਲਈ ਖਾਲਸੇ ਦਾ ਸਿਰਜਣਹਾਰ ਪ੍ਰਮਾਤਮਾ ਜਾਂ ਅਕਾਲ ਪੁਰਖ ਨੂੰ ਨਿਸਚਿਤ ਕਰ ਦਿੱਤਾ ਹੈ। ਜਿਵੇਂ ਅਕਾਲਪੁਰਖ ਦਾ ਰੂਪ ਇਸਤ੍ਰੀਤਵ ਵਾਲਾ ਨਹੀਂ, ਸਾਬਤ ਮਰਦਾਨਾ ਵਾਲਾ ਹੈ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸੇ ਨੂੰ 'ਸਾਬਤ ਮਰਦਾਨਾ' ਦੀ ਵਿਸ਼ੇਸ਼ਤਾ ਪ੍ਰਦਾਨ ਕਰ ਕੇ, ਇਸ ਦੀ ਰਚਨਾ ਦਾ ਰਹੱਸ 'ਸਹਿਜੇ' ਆਤਮਕ ਮੰਡਲ ਮਿਥ ਦਿੱਤੀ ਹੈ। ਭਾਈ ਗੁਰਦਾਸ ਸਿੰਘ ਤੇ ਰਹਿਤਨਾਮੇ ਮਰਤਿਆਂ ਦਾ ਸਿਧਾਂਤਕ ਵਿਸ਼ਵਾਸ ਇਕੋ ਜਿਹਾ ਹੀ ਹੈ, ਅਰਥਾਤ ਖਾਲਸੇ ਦੀ ਆਤਮਕ ਪ੍ਰਤਿੱਭਾ ਦਾ ਜਨਮਦਾਤਾ ਅਕਾਲਪੁਰਖ ਹੈ। ਇਸੇ ਕਰ ਕੇ ਜੋ ਰੂਪ-ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਬਖਸ਼ਿਆ ਹੈ, ਉਹ ਸੰਪੂਰਨ ਰੂਪ ਅਕਾਲਪੁਰਖ ਜਾਂ ਪ੍ਰਮਾਤਮਾ ਵਾਲਾ ਹੀ ਹੈ। ਖਾਲਸੇ ਦਾ ਰੂਪ, ਜਾਤਿ, ਸੋਚ, ਆਚਾਰ, ਵਿਹਾਰ, ਮੰਡਲ ਅਕਾਲ ਪੁਰਖ ਵਰਗਾ ਹੀ ਹੋਣਾ ਚਾਹੀਦਾ ਹੈ। ਚੂੰਕਿ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਆਪ ਨੂੰ ਪ੍ਰਮੇਸ਼ਰ ਦਾ ਸੁਤਿ, ਪ੍ਰਮੇਸ਼ਰ ਦੀ

ਸਿਫ਼ਤ ਸਲਾਹ ਕਰਨ ਵਾਲਾ ਤੇ ਪ੍ਰਮੇਸ਼ਰ ਦਾ ਹਰ ਆਦੇਸ਼ ਮੰਨਣ ਵਾਲਾ ਸਵੀਕਾਰ ਕਰਦੇ ਹਨ, ਇਸ ਲਈ ਉਹਨਾਂ ਨੇ ਖਾਲਸੇ ਦੀ ਸਮਾਜਕ, ਸਭਿਆਚਾਰਕ, ਸਦਾਚਾਰਕ ਤੇ ਰਾਜਨੀਤਕ ਹਸਤੀ ਸਥਾਪਿਤ ਕਰਨ ਲਈ ਆਪਣਾ ਸੰਪੂਰਨ 'ਆਪਾ' ਖਾਲਸੇ ਵਿੱਚ ਵਿਲੀਨ ਕਰ ਲਿਆ। ਖਾਲਸੇ ਦੀ ਮਹਾਨਤਾ ਤੇ ਵਿਸ਼ੇਸ਼ਤਾ ਪ੍ਰਗਟ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਖ਼ਾਲਸੇ ਨੂੰ ਆਪਣਾ ਸੰਪੂਰਨ 'ਆਪਾ' ਖਾਲਸੇ ਵਿਖ ਵਿਲੀਨ ਕਰ ਲਿਆ ਹੈ, ਉਥੇ ਇਹ ਕਹਿ ਕੇ "ਖਾਲਸੇ ਦਾ ਰੂਪ ਮੇਰਾ ਰੂਪ ਹੈ, ਖਾਲਸੇ ਦੀ ਜਾਤਿ ਤੇ ਪ੍ਰਾਨ ਮੇਰੀ ਜਾਤਿ ਤੇ ਪ੍ਰਾਨ ਹੈ, ਖਾਲਸੇ ਦਾ ਪਿੰਡ ਹੈ, ਖਾਲਸੇ ਵਿਚ ਹੀ ਮੇਰਾ ਨਿਵਾਸ ਹੈ, ਮੈਂ ਖਾਲਸੇ ਦਾ ਹਾਂ ਤੇ ਖਾਲਸਾ ਮੇਰਾ ਹੈ" ਗੁਰੂ ਨਾਨਕ ਸਾਹਿਬ ਸਾਖੀ ਹਨ, ਕਿ ਮੇਰੇ ਤੇ ਖਾਲਸੇ ਵਿਚ ਰੰਚਕ ਮਾਤਰ ਵੀ ਫ਼ਰਕ ਨਹੀਂ। ਲਿਸ਼ਚੇ ਹੀ 'ਖਾਲਸਾ' ਨੂੰ ਪ੍ਰਮਾਤਮਾ ਤੇ ਗੁਰੂ ਦਾ ਬਿੰਬ ਤੇ ਪ੍ਰਤੀਨਿੰਧ ਬਣਾ ਦਿੱਤਾ ਹੈ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥ ਖ਼ਾਲਸੇ ਕੇ ਹੌ ਸਦ ਸਦ ਸੰਗਾ॥
........... ....................................
ਖ਼ਾਲਸਾ ਮੇਰੋ ਪਿੰਡ ਪਰਾਨ। ਖ਼ਾਲਸਾ ਮੇਰੀ ਜਾਨ ਕੀ ਜਾਨ।
........................ ............... ......................
ਖ਼ਾਲਸਾ ਮੇਰੋ ਸਤਿਗੁਰ ਪੂਰਾ॥ ਖ਼ਾਲਸਾ ਮੇਰੋ ਸੱਜਨ ਸੂਰਾ॥
........................ ........................... ..................
ਯਾ ਮੈਂ ਰੰਚ ਨ ਮਿਥਿਆ ਭਾਖੀ॥ ਪਾਰਬ੍ਰਹਮ ਗੁਰ ਨਾਨਕ ਸਾਖੀ॥
........................ ............................ ...........
ਹੌ ਖ਼ਾਲਸੇ ਕੋ ਖ਼ਾਲਸਾ ਮੇਰੋ॥ ਓਤ ਪੋਤਿ ਸਾਗਰ ਬੂਦੇਰੋ॥
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥
ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥ ਸਰਬ ਲੋਹ ਗ੍ਰੰਥ

ਅਜੋਕੇ ਹਾਲਾਤ ਵਿਚ ਖਾਲਸੇ ਨੂੰ ਗੁਰੂ-ਪ੍ਰੰਪਰਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਰੋਲ ਹੀ ਅਦਾ ਕਰਨਾ ਚਾਹੀਦਾ ਹੈ।

• • • • •

## ਅੰਮ੍ਰਿਤ ਦੀ ਮਹਿਮਾ

(ਪ੍ਰਭਦਿਆਲ ਸਿੰਘ ਜੀ ਲੁਧਿਆਣਾ)

ਦਇਆ ਰਾਮ ਤੇ ਦਇਆ ਦਸਮੇਸ਼ ਕੀਤੀ
ਉਸਨੇ ਹਸ ਕੇ ਸੀਸ ਦਾ ਦਾਨ ਕੀਤਾ॥
ਧਰਮ ਦਾਸ ਨੇ ਧਰਮ ਦੀ ਲਾਜ ਖਾਤਰ
ਕਲਗੀ ਵਾਲੇ ਦਾ ਹੁਕਮ ਪ੍ਰਵਾਨ ਕੀਤੈ॥
ਹਿੰਮਤ ਰਾਇ ਨੇ ਹਿੰਮਤ ਭੰਡਾਰ ਲੈ ਕੇ
ਭੇਟਾ ਸ਼ੀਸ ਨੂੰ ਵਿਚ ਦਿਵਾਨ ਕੀਤੈ॥
ਮੋਹਕਮ ਚੰਦ ਤੇ ਮਿਲਕੇ ਸਾਹਿਬ ਰਾਇ ਵੀ
ਅੰਮ੍ਰਿਤ ਪੰਜਾ ਨੇ ਗੁਰਾਂ ਤੋਂ ਪਾਨ ਕੀਤੈ॥
ਸਿੰਘ ਸਾਜ ਕੇ ਕਿਹਾ ਦਸਮੇਸ਼ ਜੀ ਨੇ
ਜਾਓ ਬਖਸ਼ੀਆਂ ਅਜ ਸਿਰਦਾਰੀਆਂ ਨੇ।
ਸ਼ਕਤੀਆਂ ਦਿਤੀਆਂ ਜੋ ਮੈਨੂੰ ਪ੍ਰਮਾਤਮਾ ਨੇ
ਉਹ ਸ਼ਕਤੀਆਂ ਬਖਸ਼ੀਆਂ ਮੈ ਸਾਰੀਆਂ ਨੇ।

ਹਥ ਜੋੜ ਕੇ ਕਿਹਾ ਦਸਮੇਸ਼ ਜੀ ਨੇ
ਦਾਤ ਅੰਮ੍ਰਿਤ ਦੀ ਮੈਨੂੰ ਵੀ ਬਖਸ਼ ਦੇਵੋ
ਗੋਬਿੰਦ ਰਾਇ ਤੋਂ ਸਾਜੋ ਸਿੰਘ ਮੈਨੂੰ
ਖਾਲਸਾ ਮੈਨੂੰ ਵੀ ਅੱਜ ਸਜਾ ਦੇਵੋ॥
ਪੰਜਾ ਕਿਹਾ ਸਿਰ ਬਦਲੇ ਇਹ ਦਾਤ ਮਿਲਦੀ
ਗੋਬਿੰਦ ਰਾਇ, ਨਾਲ ਮਿਲਨ ਸਿਰਦਾਰੀਆਂ ਨੇ।
ਅਗੋਂ ਕਿਹਾ ਦਸਮੇਸ਼ ਨੇ ਖਾਲਸਾ ਜੀ
ਅੰਮ੍ਰਿਤ ਬਦਲੇ ਮੈ ਜਾਨਾ ਸਭ ਵਾਰਨੀਆਂ ਨੇ।
ਤੁਸੀਂ ਇਕ ਇਕ ਸਿਰ ਬਦਲੇ ਖਾਲਸਾ ਜੀ
ਅੰਮ੍ਰਿਤ ਛਕ ਤਿਆਰ ਬਰ ਤਿਆਰ ਹੋਏ॥
ਮੈ ਸਰਬੰਸ ਵਾਰਾਂ ਅੰਮ੍ਰਿਤ ਦੀ ਦਾਤ ਬਦਲੇ
ਰਹਿੰਦੀ ਦੁਨੀਆਂ ਤਕ ਪੰਥ ਮਜਬੂਤ ਹੋਏ॥


www.AKJ.Org

# ੧੬੯੯ ਦੀ ਕਰਾਮਾਤੀ ਵੈਸਾਖੀ

(ਪ੍ਰਿੰ. ਸੱਜਣ ਸਿੰਘ ਜੀ)

ਜ਼ਮਾਨੇ ਦੀ ਚਾਲ ਨਾਲ ਸਾਰਾ ਸੰਸਾਰ ਵਹਿੰਦਾ ਆਇਆ ਹੈ। ਵਗਦੇ ਪਾਣੀ ਦੀ ਦਿਸ਼ਾ ਵਲ ਬੇੜੀ ਚਲਾਉਣੀ ਸੌਖੀ ਹੈ, ਚਾਹੇ ਉਹ ਰਸਾਤਲ ਵਿੱਚ ਸੁੱਟਣ ਵਾਲੀ ਹੋਵੇ। ਜਿਸ ਨੂੰ ਪਾਣੀ ਵਿਚ ਤਰਨੇ ਦੀ ਜਾਚ ਨਹੀਂ, ਜਿਸ ਦੀ ਬਾਂਹ ਫੜਨ ਵਾਲਾ ਕੋਈ ਨਾਖੁਦਾ ਨਹੀਂ, ਜਿਸ ਦਾ ਮਨ ਉਤਸ਼ਾਹ ਤੇ ਨਿਡਰਤਾ ਦੀ ਭਾਵਨਾ ਤੋਂ ਕੋਰਾ ਹੈ, ਜਿਸ ਦੇ ਤਨ ਵਿੱਚ ਸੰਘਰਸ਼ ਕਰਨ ਦਾ ਬਲ ਨਹੀਂ, ਉਹ ਜੀਵ ਤੁਰਦੀ ਫਿਰਦੀ ਲਾਸ਼ ਹੈ ਤੇ ਰਚਨਹਾਰ ਦੀ ਰਚਨਾ ਦਾ ਸਿਰਦਾਰ ਹੁੰਦਿਆ ਵੀ ਅਭਾਗਾ ਹੈ ਤੇ ਦਇਆ ਦਾ ਪਾਤਰ ਹੈ।

ਐ ਮੇਰੇ, ਭੋਲੇ ਭਾਲੇ ਤੇ ਅਗਿਆਨੀ ਮਨ, ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਵਾਲੇ ਭਾਰਤ ·ਦੀ ਲਾਚਾਰ ਦਸ਼ਾ ਵਲ ਗਹੁ ਨਾਲ ਤੱਕ। ਇਸ ਦੇ ਇੱਕ ਇੱਕ ਬੱਚੇ ਨੇ ਪਿੰਜਰੇ ਦੇ ਤੋਤੇ ਵਾਂਗਰ ਆਪਣੇ ਆਪ ਨੂੰ ਗੁਲਾਮੀ, ਕੈਦ ਤੇ ਬੇਗੈਰਤ ਭਰੀ ਜ਼ਿੰਦਗੀ ਵਿੱਚ ਢਾਲ ਲਿਆ ਸੀ। ਪਤਾ ਨਹੀਂ ਉਹ ਕਿਸ ਆਸ਼ਾ ਦੇ ਸਹਾਰੇ ਜੀਉਂਦਾ ਸੀ। ਉਸ ਦਾ ਵਰਤਮਾਨ ਤਾਂ ਪੈਰਾਂ ਵਿੱਚ ਰੁਲਦਾ ਹੀ ਸੀ, ਭਵਿੱਖ ਵੀ ਧੁੰਦਲਾ ਤੇ ਕਾਲਾ ਸੀ ਸਮੁੱਚੀ ਹਿੰਦੂ ਜਾਤੀ ਦੇ ਮਨ ਵਿੱਚ ਇਸ ਨਿੱਘਰੀ ਸੋਚਣੀ ਨੇ ਆਪਣਾਂ ਘਰ ਬਣਾਇਆ ਹੋਇਆ ਸੀ ਕਿ ਅਸੀਂ ਤਾਂ ਗੁਲਾਮ ਹੀ ਰਹਿਣਾਂ ਹੈ, ਹੁਕਮਦੀ ਪਾਲਣਾ ਹੀ ਕਰਨੀ ਹੈ, ਸਾਨੂੰ ਕੋਈ ਫਰਕ ਨਹੀਂ ਪੈਂਦਾ, ਰਾਜ ਕਰਨ ਵਾਲਾ ਕੋਈ ਪਠਾਨ ਹੋਵੇ ਜਾਂ ਮੁਗਲ ਹੋਵੇ।

ਕੁੱਝ ਭਲੇ ਪੁਰਸ਼ਾਂ ਦੀ ਜੋਦੜੀਆਂ ਪਰਵਾਨ ਹੋਈਆਂ, ਮਜ਼ਲੂਮਾ ਦੀ ਆਹਾਂ ਅਰਸ਼ਾਂ ਤੱਕ ਪਹੁੰਦੀਆ ਤੇ ਅਬਲਾ ਇਸਤ੍ਰੀਆ ਦੇ ਕੀਰਨਿਆ ਨੇ ਸਰਗੁਣ ਸਰੂਪ ਅਕਾਲ ਪੁਰਖ ਦੇ ਹਿਰਦੇ ਨੂੰ ਟੁੰਬਿਆ

ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥ (ਕਬਯੋਵਾਚ ਬੇਨਤੀ ਚੌਪਈ)

ਪੰਜਵੇਂ ਤੇ ਨੌਵੇਂ ਪਾਤਸ਼ਾਹ ਦੇ ਮਹਾਨ ਬਲੀਦਾਨ ਨੇ ਭਾਰਤ ਦੀ ਸੁੱਤੀ ਕਿਸਮਤ ਨੂੰ ਜਗਾਉਣ ਦੇ ਕਾਰਨਾਮੇ ਕੀਤੇ। ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਜ਼ਾਲਮ ਸੋਧਣ ਤੇ ਦੁਸਟ ਸੰਘਾਰਨ ਲਈ, ਦੇਵੀ ਦੇਵਤਿਆ ਤੇ ਸ਼ਖਸੀ ਪੂਜਾ ਤੋਂ ਸਾਵਧਾਨ ਰੱਖਣ ਲਈ, ਜਾਗਤ ਜੋਤਿ ਤੇ ਵਾਹਦੀਅਤ ਦੀ ਪੂਜਾ ਦ੍ਰਿੜਾਉਣ ਲਈ ਦੁਸਟ ਦਮਨ ਨੂੰ ਚੁਣਿਆ ਤੇ ਦੈਵੀ ਜੁਰਅਤ ਪਰਦਾਨ ਕਰਕੇ ਇਸ ਸੰਸਾਰ ਵਿੰਚ ਭੇਜਿਆ। ਅਕਾਲ ਪੁਰਖ ਦੀ ਆਗਿਆ ਪਾਲਣ ਕਰਕੇ ਆਪਣੀ ਜ਼ੁੰਮੇਵਾਰੀ ਨਿਭਾਹੁਣ ਲਈ ਹੀ ਦਸਮੇਸ਼ ਪਿਤਾ ਨੇ ੧੬੬੬ ਈਸਵੀ ਵਿਚ ਪਟਨਾ ਸਾਹਿਬ ਵਿਖੇ ਸਰਗੁਣ ਸਰੂਪ ਧਾਰਨ ਕੀਤਾ ਸੀ।

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਧਾਰਨ॥

ਗੁਰਦੇਵ ਜੀ ਨੇ ਬੇਸ਼ਕ ਪਹਿਲਾਂ ਵੀ ਪਹਾੜੀ ਰਾਜਿਆਂ ਤੇ ਮੁਗਲ ਹਕੂਮਤ ਨਾਲ ਸੰਘਰਸ਼ ਕਰਕੇ ਜਿੱਤਾ ਪ੍ਰਾਪਤ ਕੀਤੀਆਂ ਸਨ ਪਰ ਜਿਹੜਾ ਕੌਤਕ ਆਪ ਜੀ ਨੇ ੧੬੯੯ ਦੀ ਵੈਸਾਖੀ ਵਾਲੇ ਦਿਨ ਰਚਿਆ ਤੇ ਪੰਜ ਸਿਰਾਂ ਦੀ ਮੰਗ ਕੀਤੀ, ਨਵਾਂ ਜੀਵਨ ਬਖਸ਼ਿਆ, ਅੰਮ੍ਰਿਤ ਪਾਨ ਕੀਤਾ ਤੇ ਕਰਵਾਇਆ ਤੇ ਉਨ੍ਹਾਂ ਨੂੰ ਪੰਜਾਂ ਪਿਆਰਿਆਂ ਦਾ ਦਰਜਾ ਦਿੱਤਾ ਤੇ ਖਾਲਸੇ ਦੀ ਸਿਰਜਨਾ ਕੀਤਾ, ਇਹ ਆਪਣੇ ਆਪ ਵਿੱਚ ਵਿਲੱਖਣ ਸਮਾਗਮ ਸੀ ਤੇ ਮਾਨਵਤਾ ਦੇ ਪੱਖੋਂ-ਸਮਾਨਤਾ, ਏਕਤਾ ਤੇ ਅਖੰਡਤਾ ਦਾ ਸਬਕ ਦੇਣ ਵਾਲਾ ਸੀ।

ਅੱਜ ਵਿਸ਼ਵ ਦਾ ਕੋਨਾ ਕੋਨਾ ਖਾਲਸੇ ਦੀ ਤ੍ਰੈ-ਸ਼ਤਾਬਦੀ ਨੂੰ ਅਥਾਹ ਪ੍ਰੇਮ, ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਵਿੱਚ ਜੁੱਟਿਆ ਹੋਇਆ ਹੈ। ੧੬੯੯ ਦਾ ਮੁਬਾਰਕ ਵਰਸ਼ ਤਿੰਨਾ ਲੋਆ ਤੇ ਦਸ਼ਾ ਕੂਟਾਂ ਵਿਚ ਗੂੰਜਾ ਪਾ ਰਿਹਾ ਹੈ। ਇਹ ਇਸ ਕਰਕੇ ਵੀ ਭਾਗਸ਼ਾਲੀ ਹੈ ਕਿ ਇਸ ਨੂੰ ਅਕਾਲ ਪੁਰਖ ਦੀ ਫੌਜ ਦੇ ਪ੍ਰਕਾਸ਼ ਦਿਹਾੜੇ ਨੇ ਆਪਣੇ ਦੈਵੀ ਕਿਰਨਾਂ ਦੁਆਰਾ ਅਨੋਖੀ ਆਭਾ ਤੇ ਚਮਕ ਦਮਕ ਪਰਦਾਨ ਕੀਤੀ ਹੈ। ਹਰੇਕ ਸਿਪਾਹੀ ਦੇ ਸਰੀਰਕ ਸਰੂਪ ਵਿੱਚ ਐਸੀ ਪ੍ਰਾਕ੍ਰਿਤਕ ਪਰਨਵੀਨਤਾ ਦੀ ਕਲਾ ਵਰਤੀ ਤੇ ਮਾਨਸਕ ਰੁੱਚੀ ਵਿੱਚ ਐਸਾ ਜਾਦੂਮਈ ਇਨਕਲਾਬ ਉਤਪੰਨ ਹੋਇਆ ਕਿ ਰਹਿਣੀ ਬਹਿਣੀ, ਕਥਨੀ ਕਰਨੀ ਦੇ ਸੂਰੇ ਖਾਲਸੇ ਦੀ

ਪ੍ਰਸਿੱਧੀ ਆਪਣੀ ਸੱਚੀ ਮੁੱਚੀ ਵੱਖਰੀ ਹਸਤੀ ਦੇ ਤੌਰ ਤੇ ਸਗਲ ਬ੍ਰਹਮੰਡ ਵਿੱਚ ਫੈਲ ਗਈ। ਇਸ ਸਾਲ ਦੇ ਸਿਰਜਨਾ ਦਿਵਸ ਨੂੰ ਮਨਾਉਣਾ ਤਦੇ ਸਫਲ ਹੈ ਜੇ ਅਸੀਂ ਨਾਮ ਤੋਂ ਵਾਂਝੇ ਪ੍ਰਾਣੀਆਂ ਨੂੰ ਭਉ ਭਾਉਂਦੇ ਦੇ ਮਾਹੌਲ ਵਿੱਚ ਖਾਲਸਾ ਸਜਾਈਏ ਤੇ ਇਸ ਦੇ ਗੁਣਾਂ ਨੂੰ ਆਪਣੇ ਹਿਰਦੇ ਵਿੱਚ ਵਸਾਈਏ।

ਕਲਾਧਾਰੀ ਦਸਮੇਸ਼ ਪਿਤਾ ਜੀ ਨੇ ਅਕਾਲੀ ਫੌਜ ਦੀ ਰਚਨਾ ਕਰਕੇ ਅਨੋਖੀ ਕਲਾ ਦਾ ਕ੍ਰਿਸ਼ਮਾ ਦਿਖਾਇਆ। ਉਂਜ ਤਾਂ ਲੱਗ ਭੱਗ ਸਾਰੇ ਹੀ ਧਾਰਮਕ ਆਗੂ, ਰਿਸ਼ੀ ਮੁਨੀ, ਪੀਰ ਪੈਗੰਬਰ ਤੇ ਸੰਤ ਜਨ ਕੇਸਾਧਾਰੀ ਸਨ ਪਰ ਕਿਸੇ ਨੇ ਭੀ ਕੇਸਾਂ ਦੀ ਸਰੀਰਕ ਤੇ ਅਧਿਆਤਮਕ ਅਹਿਮੀਅਤ ਨੂੰ ਸੱਚੇ ਮਾਅਨਿਆਂ ਵਿੱਚ ਨਹੀਂ ਸਮਝਿਆ. ਜੇ ਕਿਸੇ ਨੇ ਸਮਝਿਆ ਤਾ ਉਸ ਨੇ ਇਹ ਸਾਬਤਿ ਸੂਰਤ ਦਸਤਾਰ ਸਿਰਾ ਦੇ ਸਰੂਪ ਨੂੰ ਆਪਣੇ ਸੇਵਕਾਂ ਜਾਂ ਚੇਲਿਆਂ ਵਿੱਚ ਦ੍ਰਿੜਾਉਣ ਦਾ ਜਤਨ ਨਹੀਂ ਕੀਤਾ ਤੇ ਕਿਸੇ ਬਿਰਲੇ ਜਨ ਨੇ ਇਹ ਜਤਨ ਕੀਤਾ ਤਾਂ ਉਹ ਇਸ ਵਿਚ ਸਫਲਤਾ ਨਹੀਂ ਪ੍ਰਾਪਤ ਕਰ ਸਕਿਆ।

੧੬੯੯ ਦੀ ਸੰਖਿਆ ਸਾਧਾਰਨ ਸੰਖਿਆ ਨਹੀਂ ਹੈ। ਗਣਿਤ ਦੇ ਖੇਤਰ ਵਿੱਚ ਇਹ Prime Number ਅਰਥਾਤ ਪਰਮੇਯ ਸੰਖਿਆ ਹੈ। ਇਹ ਸਰਬੋਤਮ ਤੇ ਸ੍ਰੇਸਟ ਗੁਣਾਂ ਵਾਲੀ ਸੰਖਿਆ ਸਾਨੂੰ ਠਖੰਡਤਾ, ਵਿਲੱਖਣਤਾ ਤੇ ਪੂਰਨ ਇਕਾਈ ਦਾ ਸੰਦੇਸ਼ ਦਿੰਦੀ ਹੈ। ਇਹ ਕਿਸੇ ਹੋਰ ਸੰਖਿਆ ਦੁਬਾਰਾ ਭਾਗ ਨਹੀਂ ਹੁੰਦੀ ਅਰਥਾਤ ਇਸ ਦੇ ਟੁਕੜੇ ਨਹੀਂ ਬਣਦੇ। ਇਸ ਪਾਵਨ ਸਾਲ ਸਤਿਕਾਰ ਨੂੰ ਅੱਖਰੀ ਰੂਪ ਦੇਣ ਲਈ ਇੱਕ ਨਿਮਾਣਾ ਜਤਨ ਜਾਦੂਈ ਵਰਗ ਦੀ ਕ੍ਰਿਤ ਹੈ।

| | | | | |
|---|---|---|---|---|
| 19 | 47 | 761 | 673 | 199 |
| 29 | 463 | 149 | 397 | 661 |
| 601 | 223 | 439 | 197 | 239 |
| 733 | 347 | 79 | 359 | 181 |
| 317 | 619 | 271 | 73 | 419 |

੧੬੯੯ ਦਾ 5x5 ਜਾਦੂਈ ਵਰਗ

ਹੇਠਾ ਉੱਪਰ, ਸੱਜੇ ਖੱਬੇ ਜਾਂ ਕੋਨਿਆਂ ਵਾਲੇ ਕਾਲਮਾਂ ਦਾ ਜੋੜ ਕਰੀਏ ਤਾਂ ਉਹ ਹਮੇਸ਼ਾ ੧੬੯੯ ਹੀ ਬਣਦਾ ਹੈ। ਇਸ ਵਿਚ ਵਿਸ਼ੇਸ਼ ਖੂਬੀ ਇਹ ਹੈ ਕਿ ਇਸ ਵਰਤੀਆਂ ਸੰਖਿਆਵਾਂ ਭੀ ਪਰਮੇਯ ਸੰਖਿਆਵਾਂ ਹਨ। 5x5 ਦਾ ਇਹ ਜਾਦੂਈ ਵਰਗ ਪੰਜਾਂ ਦੀ ਮਹੱਤਤਾ ਨੂੰ ਦ੍ਰਿਸਟਾਉਣ ਵਾਲਾ ਹੈ।

ਅਕਾਲ ਪੁਰਖ ਨੇ ਜੀਵ ਦੀ ਪੈਦਾਇਸ਼, ਬਨਾਵਟ ਤੇ ਵਿਕਾਸ ਲਈ ਇਕ ਅਜਿਹਾ ਮੂਲ ਕੇਂਦਰ ਰਚਿਆ ਹੈ ਜਿਹੜਾ ਸਰੀਰ ਨੂੰ ਸੁੰਦਰ ਤੇ ਸੁਡੋਲ ਬਣਾਉਣ ਲਈ Symmetry ਤੇ ਇਕਸਾਰਤਾ ਨੂੰ ਬਹੁਤ ਧਿਆਨ ਵਿੱਚ ਰੱਖਦਾ ਹੈ। ਉਸ ਕੇਂਦਰੀ ਸ਼ਕਤੀ ਨੇ ਹੀ ਹੱਥਾਂ ਤੇ ਪੈਰਾਂ ਦੀ ਪੰਜ-ਪੰਜ ਉਂਗਲਾਂ ਬਣਾਈਆਂ ਹਨ। ਪੰਜਾਂ ਉਂਗਲਾਂ ਦੇ ਸਮੂਹ ਨੂੰ ਪੰਜਾ ਕਹਿਆ ਜਾਦਾ ਹੈ ਜਿਹੜਾ ਏਕਤਾ ਸੁੰਦਰਤਾ ਤੇ ਬਲ ਦਾ ਸੂਚਕ ਹੈ। ਜੀਵ ਦੇ ਹਿਰਦੇ ਵਿੱਚ ਆਪਣਾ ਪੱਕਾ ਟਿਕਾਣਾ ਸਥਾਪਤ ਕਰਨ ਵਾਲੇ ਭਾਂਤ ਭਾਂਤ ਦੇ ਪੰਜ ਔਗੁਣਾ ਨੂੰ ਖੰਡ ਖੰਡ ਕਰਨ ਲਈ ਪੰਜ ਰੱਬੀ ਗੁਣਾਂ ਦੇ ਸਮੂਹ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਥਾਵਾਂ ਤੇ ਦਰਸਾਇਆ ਗਿਆ ਹੈ। ਗੁਰਬਾਣੀ ਦੁਬਾਰਾ ਪ੍ਰਗਟਾਏ ਪੰਜ ਵਿਸ਼ੇਸ਼ ਦੈਵੀ ਗੁਣ ਇਹ ਹਨ।

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹ ਮੰਤ ਲਈ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਚ ਪਈ॥

(ਬਿਲਾਵਲ ਮਹਲਾ ੫-੮੨੨)


www.AKJ.Org

ਖਾਲ਼ਸਾ ਸਿਰਜਨ ਦੀ ਆਰੰਭਤਾ ਹੀ ਪੰਜ ਸਿਰਾਂ ਦੀ ਮੰਗ ਤੋਂ ਹੁੰਦੀ ਹੈ। ਪੰਜਾ ਦੇ ਉਪਰੰਤ ਹੋਰ ਸਿੱਖ ਵੀ ਆਪਣਾ ਸੀਸ ਭੇਟਾ ਕਰਨ ਲਈ ਤਿਆਰ ਹੋਏ ਹੋਵਣਗੇ ਪਰ ਗੁਰਦੇਵ ਜੀ ਨੇ ਪੰਜ ਹੀ ਪਰਵਾਨ ਕਰਨੇ ਸੀ ਤੇ ਪੰਜ ਹੀ ਪਰਵਾਨ ਕਰਕੇ ਮੁਖੀ ਕਰਾਰ ਕੀਤੇ। ਇਤਿਹਾਸ ਅਨੁਸਾਰ ਹਜ਼ੂਰ ਨੇ ਆਪ ਨਹੀਂ ਚੁਣੇ, ਅਕਾਲ ਪੁਰਖ ਦੀ ਪ੍ਰੇਰਨਾ ਅਨੁਸਾਰ ਉਹ ਆਪ ਸੀਸ ਵਾਰਨ ਲਈ ਆਏ। ਦਸਮੇਸ਼ ਪਿਤਾ ਤੇ ਅਕਾਲ ਪੁਰਖ ਦਾ ਮਿਨਿ ਇਕੋ ਸੀ, ਨਿਸ਼ਾਨਾ ਇਕੋ ਸੀ, ਜੁਗਤੀ ਤੇ ਪ੍ਰਾਪਤੀ ਵੀ ਇਕੋ ਸੀ। ਇਉਂ ਦਸਮੇਸ਼ ਪਿਤਾ ਜੀ ਨੇ ਜੋ ਕਿਛ ਚਿਤਵਿਆ, ਉਸਨੂੰ ਪੂਰਾ ਕਰਨਾ ਅਕਾਲ ਪੁਰਖ ਦਾ ਬਿਰਦ ਸੀ। ਪ੍ਰਭੂ ਦੀ ਲੀਲਾ ਨਿਆਰੀ ਤੇ ਚੋਜ ਕਰਾਮਾਤੀ ਸੀ ਕਿਉਂਕਿ :-

1. ਪੰਜ ਪਿਆਰੇ ਕੇਵਲ ਉੱਚੀ ਜਾਤੀ ਦੇ ਨਹੀਂ ਸਨ, ਵੱਖ ਵੱਖ ਜਾਤੀਆਂ ਦੇ ਸਨ।
੨. ਇਹ ਵੱਖ ਵੱਖ ਰਾਜਾਂ ਦੇ ਹੋਣ ਕਰਕੇ ਸਾਰੇ ਭਾਰਤ ਦੇ ਪ੍ਰਤੀਨਿਧ ਸਨ।
3. ਇਨ੍ਹਾਂ ਦੇ ਨਾਮ ਵੀ ਦੈਵੀ ਗੁਣਾਂ ਨਾਲ ਸੰਬੰਧਤ ਸਨ।

(i) ਦਇਆ ਮਾਨਵਤਾ ਦੀ ਰੂਹ ਹੈ। ਇਸ ਤੋਂ ਹੀ ਹਮਦਰਦੀ ਤੇ ਪਰਉਪਕਾਰ ਦੀ ਭਾਵਨਾ ਉਤਪੰਨ ਹੁੰਦੀ ਹੈ।
(ii) ਧਰਮ ਦਇਆ ਦਾ ਪੁੱਤਰ ਹੈ, ਇਹ ਇਖਲਾਕੀ ਤੇ ਰੂਹਾਨੀ ਫਰਜ਼ ਸ਼ੱਨਾਸੀ ਨੂੰ ਲਖਾਉਂਦਾਂ ਹੈ। ਜੇ ਸੱਚੇ ਧਰਮ ਦਾ ਰੰਗ ਆਤਮਾ ਤੇ ਚੜ੍ਹ ਜਾਇ ਤਾਂ ਕੁਰਬਾਨੀ ਸਹਜੇ ਹੀ ਬਲੀਦਾਨ ਦਾ ਰੂਪ ਧਾਰਨ ਕਰ ਸਕਦੀ ਹੈ।
(iii) ਮੁਹਕਮ ਖਾਲਸਾ ਫੌਜ ਦੇ ਸਿਪਾਹੀ ਦਾ ਗੁਣ ਹੈ। ਐਸੀ ਕੋਈ ਰੁਕਾਵਟ ਨਹੀਂ ਜਿਹੜੀ ਸੰਤ ਸਿਪਾਹੀ ਨੂੰ ਵਾਪਰ ਸਕੇ। ਸਤਿਗੁਰ ਦਾ ਫੁਰਮਾਨ ਹੈ: ਮੁਹਕਮ ਫੌਜ ਹਠਲੀ ਹੈ।
4. ਸਾਹਿਬ ਉੱਚੀ ਪਦਵੀ ਦਾ ਮਾਲਕ ਹੈ ਤੇ ਰੱਬ ਵਾਂਗਰ ਉਦਾਰਚਿਤ ਹੈ।
5. ਹਿੰਮਤ ਦਾ ਭਾਵ ਹੈ ਸ਼ਕਤੀ ਤੇ ਦਲੇਰੀ ਦਾ ਅਮਲੀ ਰੂਪ। ਧਰਮ ਦੀ ਰਖਵਾਲੀ ਹਿੰਮਤੀ ਪੁਰਸ਼ ਦੀ ਨਿਡਰਤਾ ਤੇ ਸਦਾਚਾਰਕ ਸ਼ਾਹਸ ਬਿਨਾ ਨਹੀਂ ਹੁੰਦੀ ਇਹ ਸਾਰੇ ਗੁਣ ਇੱਕੋ ਮਾਲਾ ਦੇ ਮਣਕੇ ਹਨ ਤੇ ਖਾਲਸੇ ਦੀ ਹਰੇਕ ਪਖੋਂ ਸੰਪੂਰਨਤਾ ਨੂੰ ਦ੍ਰਿਸਟਾਉਂਦੇ ਹਨ।

ਮਹਾਨ ਆਤਮਾਵਾਂ ਸੰਸਾਰ ਵਿੱਚ ਆਉਂਦੀਆਂ ਹੀ ਰਹਿੰਦੀਆਂ ਹਨ ਪਰ ਏਕਤਾ ਤੇ ਅਖੰਡਤਾ ਦਾ ਜਿਹੜਾ ਸਰੂਪ ਹਜ਼ੂਰ ਨੇ ਪ੍ਰਗਟਾਇਆ ਤੇ ਦ੍ਰਿੜਾਇਆ, ਹੋਰ ਕਿਸ ਮਹਾਂ ਪੁਰਸ਼ ਦੇ ਦਿਮਾਗ ਵਿਚ ਨਹੀਂ ਆਇਆ। ਜਾਤਿ ਪਾਤਿ ਦਾ ਭੇਦ ਮਿਟਾ ਕੇ ਹਜ਼ੂਰ ਨੇ ਖਾਲਸੇ ਨੂੰ ਏਕਤਾ ਦੇ ਧਾਗੇ ਵਿਚ ਪਰੋਇਆ।

ਇਹ ਕੇਵਲ ਆਪ ਜੀ ਦੇ ਹੀ ਰੋਸ਼ਨ ਦਿਮਾਗ ਦੀ ਉਪਜ ਸੀ ਕਿ ਵਿਚਾਰ ਧਾਰਾ ਦੀ ਏਕਤਾ ਦਾ ਅਨੁਵਾਦ ਰੂਪ ਤੇ ਅਸਲ ਵਿਚ ਵੀ ਹੋਇਆ। ਗੁਰਸਿੱਖਾਂ ਦੇ ਨਾਮ ਨਾਲ ਸਿੰਘ ਤੇ ਬੀਬੀਆਂ ਦੇ ਨਾਮ ਨਾਲ ਕੌਰ ਦੀ ਵਰਤੋਂ ਲਾਜ਼ਮੀ ਕਰਾਰ ਦੇਣੀ ਏਕਤਾ ਤੇ ਵਿਲੱਖਣਤਾ ਦੀ ਜ਼ਾਹਰੀ ਤਸਵੀਰ ਸੀ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਾਰੀਆਂ ਬੀਬੀਆਂ ਸ਼ਾਹਿ ਸ਼ਾਹਨਸ਼ਾਹ ਪਿਤਾ ਗੁਰਦੇਵ ਦੀਆ ਸਪੁੱਤਰੀਆਂ ਅਰਥਾਤ ਰਾਜਕੁਮਾਰੀਆਂ ਬਣ ਗਈਆ ਤੇ ਗੁਰ ਸਿੱਖ ਬੱਬਰ ਸ਼ੇਰ ਬਣ ਕੇ ਅਖਾਉਤੀ ਜ਼ਾਲਮ ਸ਼ੇਰਾ ਉੱਤੇ ਜਿੱਤਾ ਪ੍ਰਾਪਤ ਕਰਨ ਵਿਚ ਸਫਲ ਹੋ ਗਏ। ਇਹ ਸਾਰਾ ਪਰਿਵਰਤਣ ਆਪ ਜੀ ਦੀ ਮਨੋਵਿਗਿਆਨਕ ਜੁਗਤੀ ਤੇ ਦੈਵੀ ਸ਼ਖਸੀਅਤ ਦੇ ਪ੍ਰਭਾਵ ਦਾ ਫਲ ਸੀ।

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦੇ ਬਾਅਦ, ਭਗਤੀ ਤੇ ਸ਼ਕਤੀ ਦੇ ਸੁਮੇਲ ਦੀ ਮਹਾਨਤਾ ਦ੍ਰਿੜਾਉਣ ਦਾ ਪਾਵਨ ਕਾਰਜ ਆਪ ਨੇ ਜਾਰੀ ਰੱਖਿਆ। ਜਿਉਂ ਬਾੜ ਖੇਤੀ ਦੀ ਰਾਖੀ ਲਈ ਹੈ, ਤਿਉਂ ਸ਼ਕਤੀ, ਭਗਤੀ ਦੀ ਰੱਖਿਆ ਲਈ ਹੈ। ਬਾੜ ਸਾਧਨ ਹੈ ਤੇ ਖੇਤੀ ਦੀ ਉਪਜ ਮਨੋਰਥ ਹੈ, ਤਿਵੇਂ ਹੀ ਸ਼ਕਤੀ ਸਾਧਨ ਹੈ, ਭਗਤੀ ਮਨੋਰਥ ਹੈ। ਕਿਸੇ ਵੀ ਹਾਲਤ ਵਿਚ ਭਗਤੀ ਉਤੇ ਸ਼ਕਤੀ ਹਾਵੀ ਨਹੀਂ ਹੋਣੀ ਚਾਹੀਦੀ ਨਹੀਂ ਤਾਂ ਸ਼ਕਤੀ ਜਬਰ ਤੇ ਹਿੰਸਾ ਨੂੰ ਅਪਨਾ ਲਏਗੀ ਤੇ ਮਨ ਮਾਨੀ ਤੇ ਉੱਤਰ ਆਵੇਗੀ। ਹਜ਼ੂਰ ਦਾ ਖੰਡੇ ਬਾਟੇ ਦਾ ਅੰਮ੍ਰਿਤ ਜਗਤ ਤੋਂ ਵੱਖਰਾ ਤੇ ਨਿਆਰਾ ਸੀ। ਇਸ ਵਿੱਚ ਖਾਲਸੇ ਨੂੰ ਸਰੀਰਕ ਮਾਨਸਕ ਤੇ ਅਧਿਆਤਮਕ ਤੌਰ ਤੇ ਬਲਵਾਨ ਬਣਾਉਣ, ਅਰਥਾਤ ਸੰਤ ਸਿਪਾਹੀ ਤੇ ਬਾਦਸ਼ਾਹ

ਦਰਵੇਸ਼ ਬਣਾਉਣ ਦੇ ਸਾਰੇ ਗੁਣ ਸਮਾਏ ਹੋਏ ਸਨ। ਆਪ ਪੂਰਨ ਤੇ ਸਮਰਥ ਗੁਰੂ ਸਨ, ਪੰਜਾਂ ਪਿਆਰਿਆਂ ਲਈ ਆਪ ਅੰਮ੍ਰਿਤ ਤਿਆਰ ਕੀਤਾ ਤੇ ਆਪਣੇ ਹਸਤ-ਕਮਲਾ ਨਾਲ ਉਨ੍ਹਾਂ ਨੂੰ ਛਕਾਇਆ ਪਰ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਦਾਤ ਮੰਗਣ ਤੇ ਪ੍ਰਾਪਤ ਕਰਨ ਨਾਲ ਨਾ ਕੇਵਲ ਗੁਰ ਚੇਲੇ ਦਾ ਭੇਦ ਮਿਟਾਇਆ ਬਲਕਿ ਅੰਮ੍ਰਿਤ ਦੀ ਉੱਚਤਾ ਤੇ ਵਡਿਆਈ ਨੂੰ ਸਾਰੇ ਸੰਸਾਰ ਵਿੱਚ ਪ੍ਰਗਟਾ ਕੇ ਸਮਝਾਇਆ ਕਿ ਖੰਡੇ ਬਾਟੇ ਦੇ ਅੰਮ੍ਰਿਤ ਨੂੰ ਪੰਜ ਪਿਆਰੇ ਹੀ ਤਿਆਰ ਕਰ ਸਕਦੇ ਹਨ ਪੰਜ ਹੀ ਛਕਾ ਸਕਦੇ ਹਨ ਤੇ ਪੰਜ ਹੀ ਦ੍ਰਿੜਾ ਸਕਦੇ ਹਨ ਉਹ ਵੀ ਸਤਿਗੁਰੂ ਦੀ ਮੌਜੂਦਗੀ ਵਿੱਚ। ਇਉਂ ਚਰਨ-ਪਾਹੁਲ ਦਾ ਸਥਾਨ ਖੰਡੇ ਬਾਟੇ ਦੇ ਅੰਮ੍ਰਿਤ ਨੇ ਲੈ ਲਿਆ। ਹਜ਼ੂਰ ਦੀ ਦੂਰ ਦਰਸ਼ੀ ਕਮਾਲ ਦੀ ਸੀ, ਭਵਿੱਖ ਵਿਚ ਵੀ ਗੁਰ-ਗੱਦੀ ਦੀਆ ਉਲਝਣਾਂ ਪੈਦਾ ਹੋ ਸਕਦੀਆ ਸਨ। ਇਸ ਲਈ ਨਾਮ ਰਸੀਏ ਪੰਜ ਗੁਰਮੁਖਾਂ ਦੇ ਸਮੂਹ ਨੂੰ ਅੰਮ੍ਰਿਤ ਨਾਮ ਦੀ ਦਾਤ ਬਖਸ਼ਣ ਦਾ ਅਧਿਕਾਰੀ ਬਣਾਇਆ ਤਾਂ ਕਿ ਕੋਈ ਇੱਕਲਾ ਗੁਰਸਿੱਖ, ਅੰਮ੍ਰਿਤ ਤਿਆਰ ਕਰੱਕੇ ਤੇ ਛਕਾ ਕੇ ਆਪਣੀ ਵੱਖਰੀ ਗੱਦੀ ਦਾ ਢੋਂਗ ਰਚਾਉਣ ਵਿਚ ਸਫਲ ਹੋ ਸਕੇ।

ਅੰਮ੍ਰਿਤ-ਜਲ ਤੇ ਪਤਾਸ਼ਿਆ ਦੀ ਮਿਠਾਸ ਨੇ, ਪੰਜਾਂ ਬਾਣੀਆ ਦੇ ਉੱਚਾਰਣ ਨੇ, ਹੱਥਾਂ ਦੇ ਸਪਰਸ਼ ਤੇ ਨਾਮ-ਰੱਤੇ ਨੇਤਰਾ ਦੀ ਅੰਮ੍ਰਿਤ ਮਈ ਤੱਕਣੀ ਨੇ ਐਸਾ ਦੁਰਲਭ ਅੰਮ੍ਰਿਤ ਤਿਆਰ ਕੀਤਾ, ਜਿਸ ਨੇ ਜਨਮ-ਜਨਮ ਦੀ ਮੈਲ ਉਤਾਰੀ, ਆਤਮਾ ਨੂੰ ਪਵਿੱਤਰ ਤੇ ਬਲਵਾਨ ਕੀਤਾ, ਇਕੋ ਇਕ ਸਿੰਘ ਨੂੰ ਲੱਖਾਂ ਨਾਲ ਸੰਘਰਸ਼ ਕਰਨ ਦੀ ਜੁਰਅਤ ਬਖਸ਼ੀ। ਇਹ ਗੁਰੂ ਨਾਨਕ ਘਰ ਦੀ ਰਹਿਮਤ ਦਾ ਸਦਕਾ ਸੀ, ਮਹਾਨ ਆਤਮਾਵਾ ਦੇ ਬਲੀਦਾਨ ਦਾ ਪ੍ਰਤੀਕਰਮ ਸੀ।

ਉਸ ਸਮੇਂ ਕਲਗੀਧਰ ਪਾਤਸ਼ਾਹ ਨੇ ਬੀਰ-ਰਸ, ਚੜਦੀ ਕਲਾ, ਪ੍ਰੇਮ ਭਾਵਨਾ ਤੇ ਆਪਾ ਵਾਰਨ ਦਾ ਐਸਾ ਵਾਤਾਵਰਨ ਰਚਿਆ ਹੋਇਆ ਸੀ ਕਿ ਕਮਜ਼ੋਰ ਹਿਰਦੇ ਵਾਲੇ ਜੀਵਾਂ ਦਾ ਵੀ ਖੂਨ ਹਰਾਰਤ ਤੇ ਹਰਕਤ ਵਿੱਚ ਗਰਦਸ਼ ਕਰ ਰਿਹਾ ਸੀ। ਕੁਝ ਤਮਾਸ਼ਬੀਨਾਂ, ਡਰਪੋਕਾਂ ਤੇ ਮਾਇਆ ਧਾਰੀਆਂ ਨੂੰ ਛੱਡ ਕੇ ਹਜ਼ਾਰਾ ਪ੍ਰਾਣੀਆ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਅਪਣਾ ਤਨ, ਤਨ, ਧਨ ਵਾਰਨ ਦਾ ਸੰਕਲਪ ਕੀਤਾ। ਇਹ ਕਲਾਤਮਕ ਇਨਕਲਾਬ, ਦਿਖਾਵੇ ਦਾ ਜਾਦੂ ਨਹੀਂ ਸੀ। ਨਵਾਂ ਨਰੋਆ ਨਿਰਮਲ ਤੇ ਗਤੀਸ਼ੀਲ ਜੀਵਨ ਪਰਦਾਨ ਕਰਨ ਦਾ ਅਨੋਖਾ ਕ੍ਰਿਸ਼ਮਾ ਸੀ। ਕੋਈ ਚੇਟਕੀ ਨਹੀਂ ਸੀ, ਇਕ ਵਿਗਿਆਨਕ ਕਰਾਮਾਤ ਸੀ।

ਆਪ ਜੀ ਨੇ ਇਕਾਈ ਤੇ ਸ਼ਕਤੀ ਦੇ ਰੂਪ ਵਿੱਚ ਪੰਜਾਂ ਦੀ ਸੰਖਿਆ ਨੂੰ ਕਈ ਖੇਤਰਾ ਵਿਚ ਅਸਥਾਨ ਦਿੱਤਾ ਹੈ। ਪੰਜਾਂ ਬਾਣੀਆਂ ਦਾ ਪਾਠ ਤੇ ਪੰਜਾ ਕਕਾਰਾਂ ਦੀ ਰਹਿਤ, ਪੰਜਾਂ ਵਿਕਾਰਾਂ ਦੇ ਜਾਦੂ ਨੂੰ ਖੰਡ ਖੰਡ ਕਰਨ ਦੀ ਕਲਾ ਵਰਤਾਉਂਦੀ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਤੱਕ ਨਿਰੋਲ ਅਹਿੰਸਾਵਾਦ ਤੇ ਆਤਮ ਬਲੀਦਾਨ ਦੀ ਜੁਗਤੀ ਪ੍ਰਚੱਲਤ ਰਹੀ। ਛੇਵੇਂ ਪਾਤਸ਼ਾਹ ਨੇ ਜ਼ੁਲਮ ਦੀ ਤਲਵਾਰ ਖੁੰਢੀ ਕਰਨ ਲਈ ਸੱਚ ਦੀ ਤਲਵਾਰ ਫੜਨੀ ਯੋਗ ਸਮਝੀ। ਦਸਮ ਪਿਤਾ ਜੀ ਨੇ ਆਖਰੀ ਛੁਹ ਲਾਈ ਤੇ ਹਰੇਕ ਸਿੱਖ ਨੂੰ ਖਾਲਸਾ ਦੀ ਫੌਜ ਵਿਚ ਭਰਤੀ ਕਰਕੇ ਸੰਤ ਸਿਪਾਹੀ ਦਾ ਰੁਤਬਾ ਬਖਸ਼ਿਆ।

ਅੱਜ ਸਾਡਾ ਜਨਮ ਦਿਹਾੜਾ ਹੈ, ਖਾਲਸੇ ਦਾ ਪ੍ਰਕਾਸ਼ ਉਤਸਵ ਹੈ। ਖਾਲਸੇ ਦੀ ਤ੍ਰੈ ਸ਼ਤਾਬਦੀ ਦਾ ਪਾਵਨ ਦਿਹਾੜਾ ਹੈ। ਸਾਡੇ ਉਤੇ ਜ਼ੁਮੇਵਾਰੀਆਂ ਤਾਂ ਬਹੁਤ ਹਨ ਪਰ ਸਾਡਾ ਉਪਰਾਲਾ ਤਦੇ ਸਫਲ ਹੈ ਜੇ ਅਸੀਂ ਵੱਧ ਤੋਂ ਵੱਧ ਅਰਥਾਤ ਹਰ ਸਿੱਖ ਨੂੰ ਅੰਮ੍ਰਿਤ ਛਕਾਉਣ ਤੇ ਖਾਲਸਾ ਸਜਾਉਣ ਵਿੱਚ ਕਾਮਯਾਬੀ ਪ੍ਰਾਪਤ ਕਰ ਸਕੀਏ।

▪▪▪▪▪▪▪▪▪▪

ਜੋ ਪਲ ਤੇਰੀ ਯਾਦ 'ਚ ਬੀਤੇ, ਜਾਪੇ ਸੋਈ ਸੁਲੱਖਣਾ।
ਨਾਮੁ ਬਿਨਾ ਸਭ ਖੋਟੇ ਧੰਧੇ, ਜੀਵਨ ਸਾਰਾ ਸੱਖਣਾ।
ਰਹਿਮਤ ਵਰਖੇ ਹਰ ਥਾਂ ਤੇਰੀ, ਸਤਿਗੁਰ ਕਲਗੀਆਂ ਵਾਲੇ।
ਅੰਮ੍ਰਿਤ ਬਾਟਾ ਬਖਸ਼ੋ ਸਭ ਨੂੰ, ਚਰਨ ਸਰਨ ਵਿਚ ਰੱਖਣਾ।

(ਬਲਵੰਤ ਸਿੰਘ 'ਪਿਆਸਾ')

# ਵੈਸਾਖੀ ਅਤੇ ੧੬੭੭ ਦੀ ਵੈਸਾਖੀ ਦੀ ਸਿਰਜਨਾ

(ਰਾਮ ਸਿੰਘ ਗ੍ਰੈਵਜੈਂਡ ਯੂ. ਕੇ.)

ਸਿੱਖ ਧਰਮ ਵਿਚ ਵੈਸਾਖੀ ਦਾ ਦਿਹਾੜਾ ਖਾਸ ਮੱਹਤਤਾ ਰਖਦਾ ਹੈ ਕਿਉਂਕਿ ਇਸ ਦਿਹਾੜੇ ਤੇ ਸਿਖ ਇਤਿਹਾਸ ਵਿਚ ਕਈ ਖਾਸ ਘਟਨਾਵਾਂ ਵਾਪਰੀਆਂ ਹਨ। ਪਰ ਅਸੀਂ ਉਨ੍ਹਾਂ ਖਾਸ ਘਟਨਾਵਾਂ ਵਿਚੋਂ ਖਾਸ਼ਲਖਾਸ ਦਾ ਹੀ ਜ਼ਿਕਰ ਕਰਨਾ ਹੈ।. ਜਿਨ੍ਹਾਂ ਨੇ ਕਿ ਸਿਖ ਧਰਮ ਨੂੰ ਹਰ ਪਹਿਲੂ ਤੋਂ ਰੁਸ਼ਨਾ ਕੇ ਰੱਖ ਦਿੱਤਾ। ਸਭ ਤੋਂ ਵੱਡੀ ਘਟਨਾ ੧੪੬੭ ਦੀ ਵੈਸਾਖੀ ਵਾਲੇ ਦਿਨ ਸਿਖ ਧਰਮ ਦੇ ਬਾਨੀ ਤੇ ਪਹਿਲੇ ਸਿੱਖ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦੀ ਜੋ ਇਸ ਜਲਦੀ ਬਲਦੀ ਦੁਨੀਆ ਦੇ ਆਧਾਰ ਕਰਨ ਲਈ ਵਾਪਰੀ। ਦੂਸਰੀ ਮਹਾਨ ਘਟਨਾ ਸਤਿਗੁਰ ਨਾਨਕ ਵਲੋਂ ਚਿਤਰਿਆ 'ਸਚਿਆਰ' ਭਾਵ ਨਿਰਾਲਾ ਪੰਥ ਨਿਰਾਲੇ ਰੂਪ ਵਿਚ ੧੬੭੭ ਦੀ ਵੈਸਾਖੀ ਨੂੰ ਸਾਹਿਬੇ ਕਮਾਲ ਦਸਵੇਂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਕਰ-ਕਮਲਾਂ ਅਤੇ ਸ਼ਾਹੀ ਜਲਾਲ ਰਾਹੀਂ ਪ੍ਰਗਟ ਹੋਣਾ। ਇਨ੍ਹਾਂ ਦੋ ਘਟਨਾਵਾਂ ਨੇ ਆਮ ਲੋਕਾਂ ਦੇ ਮਨਾਂ ਵਿਚ ਸਹੀ ਅਰਥਾਂ ਵਿਚ ਇਕ ਖਾਸ ਕ੍ਰਾਂਤੀ ਲਿਆਂਦੀ ਜਿਸ ਨਾਲ ਹੁੱਟੇ ਹੋਏ ਸਾਹ ਸਿਰਫ ਚੈਨ ਦਾ ਸਾਹ ਲੈਣ ਜੋਗੇ ਹੀ ਨਹੀਂ ਹੋਏ, ਸਗੋਂ ਸਾਹ ਲੈਣ ਵਾਲੀ ਹਵਾ ਤੇ ਉਸ ਦੇ ਵਾਤਾਵਰਨ ਨੂੰ ਆਪਣੇ ਵਿਚ ਭਰੇ ਦੈਵੀ ਗੁਣਾਂ ਨਾਲ ਸੁਖਾਵਾਂ ਤੇ ਖੁਸ਼ਬੂਦਾਰ ਬਣਾ ਦਿੱਤਾ। ਜਿਸ ਵਿਚੋਂ ਅਤ 'ਸਚਿਆਰ' ਅਰਥਾਤ ਨਿਰਾਲਾ ਖਾਲਸਾ ਅਕਾਲ ਪੁਰਖ ਕੀ ਫੌਜ ਦੇ ਰੂਪ ਵਿਚ ਪ੍ਰਗਟ ਹੋਇਆ।

ਐਸੇ ਖਾਲਸੇ ਦੀ ਨੀਂਹ ਖਾਸ ਦੈਵੀ ਗੁਣਾ ਤੇ ਰੱਖੀ ਗਈ। ਉਨ੍ਹਾਂ ਗੁਣਾਂ ਨਾਲ ਸ਼ਿੰਗਾਰਨ ਲਈ ਸਭ ਤੋਂ ਪਹਿਲਾਂ ਸੰਗਤ ਤੇ ਪੰਗਤ ਰਾਹੀਂ ਸਭ ਵਿਚੋਂ ਊਚ ਨੀਚ ਮਿਟਾ ਕੇ 'ਮਨ ਨੂੰ ਜੋਤ ਸਰੂਪ' ਅਤੇ ਸਭ ਨੂੰ ਇਕੋ 'ਮਾਨਸ ਕੀ ਜਾਤ' ਸਮਝਣ ਦਾ ਅਦੁੱਤੀ ਸਬਕ ਸਿਖਾਇਆ ਗਿਆ। ਐਸਾ ਸਬਕ ਸਿਖਾਉਣ ਲਈ ਗੁਰੂ ਨਾਨਕ ਸਾਹਿਬ ਨੇ 'ਮੂਲ ਮੰਤ੍ਰ' ਅਤੇ ਜਪੁ ਜੀ ਸਾਹਿਬ ਦੀ ਪਹਿਲੀ ਪੌੜੀ ਨੂੰ ਵਿਸ਼ੇ ਪ੍ਰਨਾਲੀ (syllabus) ਦੇ ਰੂਪ ਵਿਚ ਵਰਤਿਆ। ਪਹਿਲੀ ਪੌੜੀ ਦੀਆਂ ਪਹਿਲੀਆ ਚਾਰ ਤੁਕਾਂ ਰਾਹੀਂ 'ਕਰਮ ਕਾਡਾਂ, ਫੋਕਟ ਧਰਮ ਕਰਮਾਂ ਵਿਚ ਫਸੇ ਹੋਏ ਸਮਾਜ ਅਤੇ ਲਾਲਚ ਵੱਸ ਹੋਏ ਅਧਰਮੀ ਹੁਕਮਰਾਨਾਂ ਦੀ ਹੂ-ਬ-ਹੂ ਤਸਵੀਰ ਖਿੱਚ ਕੇ ਸਿਖਾਂਦਰੂਆਂ ਅੱਗੇ ਰੱਖ ਦਿੱਤੀ। ਇਹ ਇਸ ਲਈ ਕਿ ਸਿਖਾਂਦਰੂਆਂ ਨੂੰ ਐਸੀ ਨਿਘਰੀ ਹੋਈ ਦਸ਼ਾ ਵਿਚੋਂ ਕੱਢ ਕੇ ਖਾਸ ਉੱਚੀ ਦਸ਼ਾ ਵਲ ਲੈ ਜਾਣਾ ਸੀ। ਐਸਾ ਕਰਨ ਲਈ ਮੂਲ ਮੰਤ੍ਰ ਦੇ ਖਾਸ ਦੋ ਸ਼ਬਦ 'ਨਿਰਭਉ ਅਤੇ ਨਿਰਵੈਰ' ਜੋ ਹਰ ਤਰਾਂ ਦੇ ਦੈਵੀ ਗੁਣ ਦਾ ਸਮੂਹ ਹਨ, ਵਰਤੇ ਗਏ।

ਇਨ੍ਹਾਂ ਸ਼ਬਦਾਂ ਦੀ ਵਰਤੋਂ ਖਾਸ ਮਹੱਤਤਾ ਰੱਖਦੀ ਹੈ। ਇਨ੍ਹਾਂ ਸ਼ਬਦਾਂ ਰਾਹੀਂ ਪਹਿਲਾ ਗੁਰੂ ਨਾਨਕ ਸਾਹਿਬ ਨੇ ਸ੍ਰੀ ਲਹਿਣਾ ਨੂੰ ਗੁਰੂ ਅੰਗਦ ਬਣਾ ਦਿੱਤਾ ਅਤੇ ਅਗਾਂਹ ਦਸਵੇਂ ਨਾਨਕ ਗੁਰੂ ਗੋਬਿੰਦ ਰਾਏ ਤਕ ਇਹ ਸਿਲਸਿਲਾ ਚਲਦਾ ਰਿਹਾ। ਪਰ ੧੬੭੭ ਦੀ ਵੈਸਾਖੀ ਤੇ ਇਕ ਦੀ ਥਾਂ ਪੰਜਾਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਇਕ ਖਾਸ ਰੁਤਬਾ ਦੇ ਕੇ ਦੁਨੀਆਂ ਦੇ ਸਾਮ੍ਹਣੇ ਪੇਸ਼ ਕਰਨ ਦਾ ਟੀਚਾ ਸੀ। ਸੋ ਉਸ ਦਿਨ ਇਹ ਵਾਪਰੀ ਘਟਨਾ ਦੁਨੀਆਂ ਨੂੰ ਇਕ ਅਜੂਬਾ ਅਤੇ ਕਰਾਮਾਤ ਵਾਂਗ ਲੱਗੀ। ਕਿਉਂ ? ਕਿਉਂਕਿ ਉਸ ਵੇਲੇ ਦੀ ਸਮਾਜ ਸੰਜਮ ਰਹਿਤ (undisciplined) ਹੋ ਚੁੱਕਾ ਸੀ। ਅਤੇ ਉਸ ਸਮਾਜ ਵਿਚੋਂ ਸੰਜਮ ਤੇ ਜ਼ਬਤ ਵਾਲਾ (discplined) ਮੱਨੁਖ (ਮੱਨੁਖਾਂ ਦਾ ਸਮੂਹ-ਖਾਲਸਾ) ਸਿਰਜ ਦੇਣਾ ਠੀਕ ਹੀ ਕਰਾਮਾਤਾਂ ਦੀ ਭੀ ਕਰਾਮਾਤ ਸੀ। ਸੰਜਮ ਜ਼ਬਤ, ਭੈ ਅਤੇ ਹੁਕਮ ਵਿਚ ਸਾਰਾ ਸੰਸਾਰ ਭਾਵ ਚੰਦ, ਸੂਰਜ, ਸਿਤਾਰੇ, ਹਵਾ, ਪਾਣੀ, ਅੱਗ, ਪਸ਼ੂ ਆਦਿ ਸਭ ਚਲ ਰਿਹਾ ਹੈ। ਇਕ ਬੰਦਾ ਹੀ ਹੈ ਜਿਸ ਨੂੰ ਮੁੜ ਮੁੜ ਸੰਜਮ, ਭੈ, ਹੁਕਮ ਵਿਚ ਚੱਲਣ ਲਈ ਯਾਦ ਕਰਾਇਆ ਜਾਂਦਾ ਹੈ ਅਤੇ ਬੰਦਾ ਅਕਲ ਵਾਲਾ ਹੁੰਦਾ ਹੋਇਆ ਭੀ ਮੁੜ ਮੁੜ ਸੰਜਮ ਆਦਿ ਦੀ ਉਲੰਘਣਾ ਕਰ ਕਰ ਕੇ ਆਪਣੇ ਆਪ ਨੂੰ ਖਤਰਿਆਂ, ਤਕਲੀਫਾਂ ਤੇ ਦੁਖਾਂ ਵਿਚ ਪਾਈ ਰੱਖਦਾ ਹੈ।

ਪਰ ਅਨੰਤ ਕਲਾ ਦੇ ਮਾਲਕ ਗੁਰੂ ਨਾਨਕ ਦੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦੀਆਂ ਅੰਤਮ ਦੋ ਤੁਕਾਂ ਵਿਚ ਚਿਤਰਿਆ ਹੁਕਮ ਵਿਚ ਵਿਚਰਨ ਵਾਲਾ ਸਚਿਆਰ ਖਾਲਸਾ, ਉਸੇ ਅਨੰਤ ਕਲਾ ਦੇ ਮਾਲਕ ਗੁਰੂ ਗੋਬਿੰਦ ਰਾਏ ਰਾਹੀਂ ਪ੍ਰੀਖਿਆ ਦੇ ਮੈਦਾਨ ਵਿਚੋਂ ਕੁੰਦਨ ਵਾਂਗ ਖਾਲਸ ਬਣਾਕੇ ਅੰਤਮ ਰੂਪ ਵਿਚ ਪ੍ਰਗਟ

ਕਰ ਦਿੱਤਾ ਗਿਆ। ਕੁੰਦਨ ਭੀ ਤਲਵਾਰ ਦੀ ਤੇਜ਼ ਧਾਰ ਰਾਹੀਂ ਐਸਾ ਕੀਤਾ ਕਿ ਦੋਨੋਂ 'ਨਿਰਭਉ' ਤੇ 'ਨਿਰਵੈਰ' ਗੁਣ ਉਨ੍ਹਾਂ ਵਿਚ ਕੁੱਟ ਕੁੱਟ ਭਰ ਦਿੱਤੇ। ਇਹ ਹੀ ਤਾਂ ਦੋ ਗੁਣ ਹਨ ਜੋ ਇਕ ਧਰਮੀ ਬੰਦੇ ਵਿਚ ਹੋਣੇ ਚਾਹੀਦੇ ਹਨ, ਨਹੀਂ ਤਾਂ ਧਰਮੀ ਹੋਣ ਦਾ ਨਿਰਾ ਦਿਖਾਵਾ ਹੀ ਹੈ, ਜੋ ਬਹੁਤ ਕਰਕੇ ਹੋਇਆ ਕਰਦਾ ਹੈ ਅਤੇ ਅੱਜ ਤਾਂ ਇਹ ਜੋਰਾ ਤੇ ਹੈ। ਖੈਰ ਇਨ੍ਹਾਂ ਗੁਣਾਂ ਰਾਹੀਂ ਇੱਕਲੇ ਇੱਕਲੇ ਨੇ ਸਵਾ ਲੱਖ ਨਾਲ ਆਢਾ ਲੈਂਦਿਆਂ ਕਿਸੇ ਤਰਾਂ ਦਾ ਡਰ, ਭਉ ਨੇੜੇ ਨਹੀਂ ਆਉਣ ਦਿੱਤਾ। ਅਪਣੇ ਗੁਰੂ ਨੂੰ ਭੀ ਸਮਾਂ ਪੈਣ ਤੇ ਨਿਡਰ ਹੋਕੇ ਹੁਕਮ ਕਰ ਦਿੱਤਾ, ਕਿਉਂਕਿ ਪਿਆਰੇ ਗੁਰੂ ਜੀ, ਪਿਆਰੇ ਪੰਜਾਂ ਨੂੰ ਪ੍ਰੀਖਿਆ ਵਿਚੋਂ ਪਾਸ ਹੋਣ ਤੇ ਉਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ ਇਕ ਤਾਂ ਆਪ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਤੇ ਦੂਸਰੇ ਉਨ੍ਹਾਂ ਨੂੰ ਅਗਾਂਹ ਵਾਸਤੇ ਦੇਹਧਾਰੀ ਗੁਰੂ ਦੀ ਪ੍ਰਪਰਾ ਖਤਮ ਕਰਕੇ, ਗੁਰੂ ਪਦਵੀ ਬਖਸ਼ ਦਿੱਤੀ ਜੋ ਜੋਤੀ ਜੋਤ ਸਮਾਉਣ ਸਮੇਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੱਕੇ ਤੌਰ ਤੇ ਪ੍ਰਦਾਨ ਕਰ ਦਿੱਤੀ। ਇਹ ਹੀ ਨਹੀਂ ਸਾਰੇ ਦੇਸ਼ ਭਰ ਵਿਚੋਂ ਨੌਜਵਾਨ ਬੱਚੀਆਂ ਤੇ ਬੀਬੀਆਂ ਦੇ ਰੂਪ ਵਿਚ ਦੇਸ ਦੀ ਲੁਟੀ ਜਾਂਦੀ ਇੱਜ਼ਤ ਨੂੰ ਆਜ਼ਾਦ ਕਰਾਉਣ ਲੱਗਿਆਂ ਕਿਸੇ ਤਰਾਂ ਦੀ ਕਮਜ਼ੋਰੀ ਜਾਂ ਡਰ ਨਹੀਂ ਨੇੜੇ ਆਉਣ ਦਿੱਤੇ। ਨਿਰਵੈਰਤਾ ਇਥੇ ਤਕ ਕਿ ਜੇ ਅਪਣੇ ਜ਼ਖਮੀਆਂ ਨੂੰ ਪਾਣੀ ਤੇ ਮਲੱਮ ਪੱਟੀ ਦੀ ਸੇਵਾ ਪ੍ਰਦਾਨ ਕੀਤੀ ਤਾਂ ਵੈਰੀ ਦੇ ਜ਼ਖਮੀਆਂ ਨੂੰ ਭੀ ਬਿਨਾ ਕਿਸੇ ਵਿਤਕਰੇ ਦੇ ਉਹੀ ਸਹੂਲਤਾਂ ਦਿੱਤੀਆਂ। ਇਸ ਤੋਂ ਭੀ ਵੱਧ, ਫਤਿਹ ਕੀਤਾ ਦਿੱਲੀ ਦਾ ਤਖਤ, ਵੈਰੀ ਦੀ ਇਕ ਬੀਬੀ ਦੇ ਖ਼ਾਲਸੇ ਨੂੰ ਆਪਣਾ ਭਰਾ ਕਹਿਣ ਤੇ ਹੀ ਵਾਪਸ ਕਰ ਦਿੱਤਾ। ਗੱਲ ਕੀ ਉਸ ੧੬੯੯ ਦੀ ਵੈਸਾਖੀ ਤੇ ਸਿਰਜੇ ਖਾਲਸੇ ਨੇ ਖਾਲਸੇ ਨੂੰ ਬਖਸ਼ੀਆਂ ਦਾਤਾਂ, ਭਾਵ ਦੈਵੀ ਗੁਣਾਂ ਨੂੰ ਪੱਲੇ ਬੰਨ੍ਹ ਕੇ ਅਤੇ ਉਨ੍ਹਾਂ ਤੇ ਪਹਿਰਾ ਦਿੰਦੇ ਹੋਏ ਦੁਨੀਆਂ ਨੂੰ ਉਹ ਕਾਰਨਾਮੇ ਕਰ ਦਿਖਾਏ ਕਿ ਜਿਥੇ ਦੁਨੀਆਂ ਦੰਗ ਰਹਿ ਗਈ ਉਥੇ ਬੜਾ ਅਮੀਰ ਇਤਿਹਾਸ ਸਿਰਜ ਕੇ ਰੱਖ ਦਿਤਾ। ਇਨ੍ਹਾਂ ਗੁਣਾਂ ਵਿਚੋਂ ਪ੍ਰਾਪਤ ਕੀਤੇ ਉੱਚੇ ਸੁੱਚੇ ਇਖਲਾਕ ਨੇ ਤਾਂ ਦੁਸ਼ਮਣ ਨੂੰ ਭੀ ਖਾਲਸੇ ਦੀ ਸਿਫਤ ਕਰਨ ਤੇ ਮਜਬੂਰ ਕਰ ਦਿੱਤਾ।

ਪਰ ਐਸੇ ਨਿਰਭਉ ਤੇ ਖਾਸ ਕਰਕੇ ਨਿਰਵੈਰ ਅਤੇ ਸਭ ਤੇ ਵਿਸ਼ਵਾਸ਼ ਕਰਨ ਵਾਲੇ ਖਾਲਸੇ ਨੂੰ ਦੁਨਿਆਵੀ ਤੌਰ ਤੇ ਕਮਲਾ ਸਮਝਕੇ ਇਸ ਨੂੰ ਉਸ ਵੇਲੇ ਤੋਂ ਹੀ ਖਤਮ ਕਰਨ ਦੇ ਬਾਨ੍ਹਣੂ ਭੀ ਨਾਲ ਨਾਲ ਹੀ ਬੱਝਣੇ ਸ਼ੁਰੂ ਹੋ ਗਏ। ਦੇਸ ਦੀ ਲੁੱਟੀ ਜਾ ਰਹੀ ਇੱਜ਼ਤ ਨੂੰ ਬਚਾਉਣ ਵਾਲੇ, ਦੇਸ ਨੂੰ ਹਰ ਪੱਖੋਂ ਆਜ਼ਾਦ ਕਰਾਉਣ ਤੇ ਆਜ਼ਾਦ ਰੱਖਣ ਅਤੇ ਅਪਣੇ ਪੈਰਾਂ ਤੇ ਖੜਾ ਕਰਨ ਲਈ ਹਰ ਤਰਾਂ ਦਾ ਜਾਨੀ ਤੇ ਮਾਲੀ ਨੁਕਸਾਨ ਉਠਾ ਕੇ ਪਰ ਕਿਸੇ ਨੂੰ ਭੀ ਕਿਸੇ ਤਰਾਂ ਦਾ ਉਲਾਂਭਾ ਤਕ ਨਾ ਦੇਣ ਵਾਲੇ ਖਾਲਸੇ ਦਾ ਬੜੀਆਂ ਗੁੰਝਲਦਾਰ ਸਕੀਮਾਂ ਰਾਹੀਂ ਖੁਰਾ ਖੋਜ ਮਿਟਾਉਣ ਲਈ ਹਰ ਤਰਾਂ ਦਾ ਹਥਿਆਰ ਵਰਤਣਾ ਕਿਸ ਤਰਾਂ ਦੀ ਅਹਿਸਾਨ ਮੰਦੀ ਹੈ। ਹੈ ਕੋਈ ਪ੍ਰਮਾਤਮਾ ਦਾ ਡਰ ? ਇਹ ਉਹ ਚਾਲ ਹੈ ਜੋ ਇਕ ਬੰਦਰ ਈਰਖਾ ਵੱਸ ਹੋਕੇ ਬਿੱਜੜੇ ਦਾ ਬੜੀ ਮਿਹਨਤ ਦੁਆਰਾ ਬਣਾਇਆ ਆਲ੍ਹਣਾ ਤੋੜ ਤੋੜ ਕੇ ਡੱਖਾ ਡੱਖਾ ਕਰ ਦਿੰਦਾ ਹੈ। ਇਨ੍ਹਾਂ ਚਾਲਾਂ ਰਾਹੀਂ, ਗੁਰੂ ਸਾਹਿਬ ਵਲੋਂ ਕੁੰਦਨ ਦੀ ਤਰਾਂ ਖਾਲਸ ਕੀਤਾ ਖਾਲਸਾ ਹਰ ਤਰਾਂ ਦੇ ਦੈਵੀ ਗੁਣਾਂ ਨੂੰ ਅਲਵਿਦਾ ਕਹੀ ਜਾ ਰਿਹਾ ਹੈ ਤੇ ਇਨ੍ਹਾਂ ਚਾਲਾਂ ਨੂੰ ਸਮਝਣ ਦੇ ਅਸਮਰਥ ਹੁੰਦਾ ਜਾ ਰਿਹਾ ਹੈ। ਅਤੇ ਸਿਖ ਜਗਤ ਸਿੱਟੇ ਵਜੋਂ ਮੁੜ ਉਨ੍ਹਾਂ ਹੀ ਕਰਮ ਕਾਂਡਾਂ ਫੋਕਟ ਧਰਮ ਕਰਮਾਂ (ਗੁੰਗੇ ਅਖੰਡ ਪਾਠ ਆਦਿ) ਵਹਿਮਾਂ, ਜਾਤ ਪਾਤ ਦੇ ਚੱਕਰਾਂ, ਆਪਸੀ ਝਗੜਿਆਂ ਵਿਚ ਫਸਿਆ ਉਸੇ ਤਰਾਂ ਹੀ ਵਡਮੁੱਲੇ ਜੀਵਨ ਨੂੰ ਵਿਅਰਥ ਗੁਆ ਰਿਹਾ ਹੈ ਜਿਵੇਂ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਸਮਾਜ ਸਸਤੀ ਸਿਆਸਤ ਦੀ ਸ਼ੁਹਰਤ ਰਾਹੀਂ ਧਰਮ ਦੀ ਖਿੱਲੀ ਉਡਾ ਰਿਹਾ ਹੈ।

ਜੇ ਇਸ 300 ਸਾਲਾ ਖਾਲਸਾ ਸਿਰਜਨਾ ਦਿਨ ਨੂੰ ਮਨਾਉਂਦਾ ਹੋਇਆ ਸਿੱਖ ਜਗਤ ਖਾਲਸਾ ਪਦਵੀ ਦੀ ਮਹੱਤਤਾ ਸਮਝਕੇ ੧੬੯੯ ਦੀ ਵੈਸਾਖੀ ਵਾਲੇ ਦਿਨ ਬਖ਼ਸ਼ੇ ਦੈਵੀ ਗੁਣਾਂ ਨੂੰ ਮੁੜ ਗ੍ਰਹਿਣ ਕਰਨ ਦੀ ਪ੍ਰਤਿਗਿਆ ਨਹੀਂ ਕਰਦਾ ਤਾਂ ਇਹ ਦਿਵਸ ਭਾਵੇਂ ਕਿਨੀਆਂ ਧੂਮ ਧਾਮਾਂ ਨਾਲ ਮਨਾਇਆ ਜਾਵੇ। ਇਹ ਇਕ ਦਿਖਾਵਾ ਹੀ ਬਣ ਕੇ ਰਹਿ ਜਾਵੇਗਾ। ਕੀ ਐਸਾ ਦਿਖਾਵਾ ਗੁਰੂ ਜੀ ਨੂੰ ਭਾਇਗਾ। ? ਗੁਰੂ ਸਾਹਿਬ ਨੂੰ ਭਾਉਣ ਲਈ ਉਸ ਖਾਲਸਈ ਸ਼ਾਨ ਨੂੰ ਮੁੜ ਅਪਨਾਉਣ, ਕਾਇਮ ਕਰਨ ਤੇ ਕਾਇਮ ਰੱਖਣ ਲਈ ਪ੍ਰਤਿਗਿਆ ਇਸ ਸ਼ੁਭ ਦਿਹਾੜੇ ਕਰਕੇ ਇਸ ਨੂੰ ਅਮਲੀ ਰੂਪ ਦੇਣਾ ਹੋਵੇਗਾ। ਫਿਰ ਗੁਰੂ ਸਹਾਈ ਜ਼ਰੂਰ ਹੋਇਗਾ। ਗੁਰੂ ਜੀ ਮਿਹਰਾਂ ਕਰਨ।

www.AKJ.Org

# ਖਾਲਸਾ : ਸੰਕਲਪ ਅਤੇ ਸੰਸਥਾ

(ਡਾ. ਬਲਕਾਰ ਸਿੰਘ)

ਕੋਈ ਵੀ ਵੀਚਾਰ ਜੋ ਵੀਚਾਰਧਾਰਾ ਦਾ ਆਧਾਰ ਹੋ ਜਾਣ ਦੀ ਸਮਰੱਥਾ ਰੱਖਦਾ ਹੈ, ਭਾਸ਼ਾਈ ਪ੍ਰਗਟਾਵੇ ਤੋਂ ਪਹਿਲਾਂ ਸੂਖ਼ਮ ਰੂਪ ਵਿਚ ਮਾਨਵ ਮਾਨਸਿਕਤਾ ਵਿਚ ਜਨਮ ਲੈ ਲੈਂਦਾ ਹੈ। ਸੋ ਸਿੱਖ ਧਰਮ ਚਿੰਤਨ ਦੇ ਪ੍ਰਸੰਗ ਵਿਚ ਖਾਲਸਾ ਦਾ ਸੰਕਲਪ ਸਥਾਪਤ ਵੀ ਹੈ ਅਤੇ ਇਸ ਦਾ ਪ੍ਰਗਟਾਵਾ ਵੀ ਹੋ ਚੁੱਕਾ ਹੈ। ਖਾਲਸਾ ਸੰਕਲਪ ਰੂਪ ਵਿਚ ਇਸ ਤੋਂ ਪਹਿਲਾਂ ਗੁਰੂ ਮਾਨਸਿਕਤਾ ਵਿਚ ਕਾਇਮ ਸੀ। ਗੁਰੂ ਮਾਨਸਿਕਤਾ ਇਕੋ ਹੀ ਜੋਤਿ ਜੁਗਤਿ ਦੀ ਨਿਰੰਤਰਤਾ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਨਾਲੋਂ ਬਾਕੀ ਨੌਂ ਗੁਰੂ ਸਾਹਿਬਾਨ ਨੂੰ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਇਸ ਵਾਸਤੇ ਇਸ ਨਿਰਣੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਖਾਲਸਾ ਸੰਕਲਪਨ ਦੀ ਸੂਮਖ ਧਰਾਤਲ ਪਹਿਲਾਂ ਗੁਰਬਾਣੀ ਵਿਚ ਅਤੇ ਫਿਰ ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਵਿਚ ਪ੍ਰਗਟ ਹੋ ਚੁੱਕੀ ਹੈ। ਖਾਲਸਾ, ਸੰਕਲਪ ਰੂਪ ਵਿਚ ਗੁਰੂ ਜੋਤਿ ਦੀ ਜੁਗਤਿ ਨਾਲ ਜੁੜਿਆ ਹੋਇਆ ਹੋਣ ਕਰਕੇ ਡਿਕਸ਼ਨਰੀ ਅਰਥਾਂ ਦੀ ਕੈਦ ਤੋਂ ਬਰੀ ਹੈ। ਵਰਤਮਾਨ ਸਥਿਤੀ ਵਿਚ ਖਾਲਸਾ ਦੇ ਅਰਥ ਬਹੁਤ ਸਾਰੇ ਵੀ ਹੋ ਗਏ ਹਨ ਅਤੇ ਅਰਥਾਂ ਦੇ ਅਨਰਥ ਹੋ ਜਾਣ ਦਾ ਰਾਹ ਵੀ ਪੱਧਰਾ ਹੋ ਗਿਆ ਹੈ। ਖਾਲਸਾ ਆਪਣੇ ਮੂਲ ਪ੍ਰਸੰਗ ਵਿਚ ਜਨਮ ਅਤੇ ਜਾਤ ਤੋਂ ਮੁਕਤ ਸੰਕਲਪੀ ਪ੍ਰਕਾਸ਼ਨ ਸੀ ਪਰ ਜਦੋਂ ਤੋਂ ਖਾਲਸਾ ਸ਼ਬਦ ਦੀ ਵਰਤੋਂ ਜ਼ਾਤ ਜਾਂ ਗੋਤ ਵਾਂਗ ਸ਼ੁਰੂ ਹੋ ਗਈ ਹੈ ਤਾਂ ਇਸ ਦਾ ਯੋਗਤਾ ਮੂਲਕ ਰਹਿਣ ਦਾ ਬੰਧਨ ਤਕਰੀਬਨ ਮੁੱਕ ਗਿਆ ਪ੍ਰਤੀਤ ਹੋਣ ਲੱਗ ਪਿਆ ਹੈ। ਉਦਾਹਰਣ ਵਜੋਂ ਪਰਿਵਾਰ ਵਿਚ ਕੋਈ ਇਕ "ਖਾਲਸਾ" ਲਿਖਣ ਲੱਗ ਪਿਆ ਅਤੇ ਹੌਲੀ ਹੌਲੀ ਉਸ ਦੀ ਸੰਤਾਨ ਦਾ ਹੱਕ ਹੋ ਗਿਆ, ਆਪਣੇ ਆਪ ਨੂੰ "ਖਾਲਸਾ" ਲਿਖਣ ਦਾ। ਖਾਲਸਾ ਨੂੰ ਡੇਰੇਦਾਰੀ ਬਿਰਤੀ ਵਾਲਿਆਂ ਨੇ ਖਾਸ ਕਿਸਮ ਦੇ ਪਹਿਰਾਵੇ ਤੱਕ ਮਹਿਦੂਦ ਵੀ ਕੀਤਾ ਹੈ। ਇਸ ਤਰ੍ਹਾਂ ਖਾਲਸਾ ਸੰਕਲਪਨ ਪ੍ਰਸੰਗ ਵਿਚੋਂ ਨਿਕਲ ਕੇ ਡੇਰੇਦਾਰੀ ਦੀ ਢਾਲ ਹੁੰਦਾ ਜਾ ਰਿਹਾ ਹੈ। ਖਾਲਸਈ ਵਾਰਸਾਂ ਦੇ ਅਵੇਸਲੇਪਣ ਦਾ ਇਹ ਆਲਮ ਹੋ ਗਿਆ ਹੈ ਕਿ ਖਾਲਸਾ ਨੂੰ ਸਹੂਲਤ ਮੁਤਾਬਿਕ ਲਕਬ ਵਜੋਂ ਵਰਤਣ ਦਾ ਅਧਿਕਾਰ ਹਰ ਕਿਸੇ ਨੇ ਲੈ ਲਿਆ ਜਾਪਦਾ ਹੈ। ਖਾਲਸਾ ਸ਼ਬਦ ਦੀ ਇਸ ਆਮ ਅਤੇ ਬਹੁ-ਭਾਂਤੀ ਵਰਤੋਂ ਨਾਲ ਖਾਲਸਾ ਦਾ ਪ੍ਰਸੰਗ ਬਿਖਰਦਾ ਜਾ ਰਿਹਾ ਹੈ ਅਤੇ ਇਸ ਸ਼ਬਦ ਖਾਲਸਾ ਦੀ ਆੜ ਵਿਚ ਵਿਅਕਤੀਗਤ ਸੰਸਥਾਵਾਂ ਵੀ ਪੈਦਾ ਹੋਣ ਲੱਗ ਪਈਆਂ ਹਨ। ਇਸ ਨਾਲ ਇਹ ਲੋੜ ਸਾਹਮਣੇ ਆ ਗਈ ਹੈ ਕਿ ਖਾਲਸਾ ਦੇ ਪ੍ਰਸੰਗ ਸਥਾਪਤ ਲਈ ਲੋੜੀਂਦੀ ਅਕਾਦਮਿਕ ਜ਼ੁੰਮੇਵਾਰੀ ਨਿਭਾਈ ਜਾਵੇ।

ਖਾਲਸਾ ਸ਼ਬਦ ਦੀ ਕੌਮੀ ਪ੍ਰਸੰਗ ਵਿਚ ਵਰਤੋਂ ਆਮ ਤੌਰ ਤੇ ਦਸਮ ਪਾਤਸ਼ਾਹ ਹਜ਼ੂਰ ਵੱਲੋਂ ਕੀਤੀ ਗਈ ਪਰਵਾਨ ਕੀਤੀ ਜਾਂਦੀ ਹੈ। ਇਸ ਨਾਲ ਸਿਧਾਂਤਕ ਭ੍ਰਾਂਤੀਆਂ ਦੇ ਪੈਦਾ ਹੋ ਜਾਣ ਨੂੰ ਥਾਂ ਪ੍ਰਾਪਤ ਹੋ ਗਈ ਹੈ ਕਿਉਂਕਿ ਸਿੱਖੀ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਉਸੇ ਨੀਂਹ 'ਤੇ ਖਾਲਸਾਈ ਮਹਿਲ ਬਾਕੀ ਗੁਰੂ ਸਾਹਿਬਾਨ ਨੇ ਉਸਾਰਿਆ। ਬਾਕੀ ਗੁਰੂ ਸਾਹਿਬਾਨ ਵਿਚ ਦਸਮ ਪਾਤਸ਼ਾਹ ਦੇ ਯੋਗਦਾਨ ਨੂੰ ਕਿਸੇ ਵੱਖਰੀ ਸੇਧ ਵਿਚ ਪਰਵਾਨ ਕਰ ਲੈਣ ਦੀ ਕੋਈ ਗੁੰਜਾਇਸ਼ ਹੀ ਨਹੀਂ ਹੈ। ਏਸ ਲਈ ਖਾਲਸੇ ਦੀ ਸਿਰਜਣਾ ਨਾਲ ਸੰਬੰਧਤ ੧੬੯੯ ਈ: ਦੀ ਵੈਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਹੋਏ ਅੰਮ੍ਰਿਤ-ਸੰਚਾਰ ਨੂੰ ਖਾਸ ਸਮੇਂ ਵਾਪਰੀ ਅਚਾਨਕ ਘਟਨਾ ਪਰਵਾਨ ਨਹੀਂ ਕੀਤਾ ਜਾ ਸਕਦਾ। ਕਥਾ-ਕਹਾਣੀਆਂ ਵਿਚ ਸੱਚ ਨੂੰ ਵਲ੍ਹੇਟ ਕੇ ਪੇਸ਼ ਕਰਨ ਵਾਲਿਆਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਬਹੁਤ ਸਾਰੇ ਸਿਧਾਂਤ-ਵਿਰੋਧੀ ਬੋਲ ਦਸਮ ਪਾਤਸ਼ਾਹ ਜੀ ਦੇ ਮੂੰਹ ਵਿਚ ਵੀ ਪਾ ਦਿੱਤੇ ਹਨ। ਇਹ ਠੀਕ ਨਹੀਂ ਹੈ ਕਿਉਂਕਿ ਖਾਲਸਾ ਸ਼ਬਦ ਦੀ ਬਾਣੀ ਪ੍ਰਸੰਗ ਵੀ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖਾਲਸਾ ਸ਼ਬਦ ਦੀ ਵਰਤੋਂ ਭਗਤ ਕਬੀਰ ਜੀ ਨੇ ਕੀਤੀ ਹੋਈ ਹੈ :

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥


www.AKJ.Org

ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ (ਪੰਨਾ ੬੫੪-੫੫)

"ਜਨ ਭਏ ਖਾਲਸੇ" ਵਾਸਤੇ ਪ੍ਰੇਮ ਭਗਤੀ ਦੀ ਯੋਗਤਾ ਲਾਜ਼ਮੀ ਹੋਣ ਕਰਕੇ ਖਾਲਸਾ ਦਾ ਮੂਲ, ਜਨਮ ਤੋਂ ਜਾਂ ਜ਼ਾਤ ਤੋਂ ਨਹੀਂ ਚਿਤਵਿਆ ਜਾ ਸਕਦਾ। ਡਿਕਸ਼ਨਰੀ ਦ੍ਰਿਸ਼ਟੀ ਤੋਂ ਖਾਲਸਾ ਸ਼ਬਦ ਦਾ ਮੂਲ ਫਾਰਸੀ ਖਾਲਸ ਤੋਂ ਹੈ ਅਤੇ ਭਗਤ ਕਬੀਰ ਜੀ ਨੇ ਇਸ ਦੀ ਵਰਤੋਂ ਇਸੇ ਪ੍ਰਸੰਗ ਵਿਚਿ ਕੀਤੀ ਹੋਈ ਹੈ। ਇਸੇ ਮੂਲ ਤੋਂ ਖਾਲਸਾ ਦੇ ਇਕ ਅਰਥ ਉਸ ਜ਼ਮੀਨ ਜਾਂ ਮੁਲਕ ਦੇ ਵੀ ਹਨ, ਜੋ ਸਿਧੀ ਬਾਦਸ਼ਾਹ ਦੀ ਹੁੰਦੀ ਹੈ ਅਤੇ ਜਿਸ ਉਤੇ ਕਿਸੇ ਮਾਤਹਿਤ ਦਾ ਅਧਿਕਾਰ ਨਹੀਂ ਹੋ ਸਕਦਾ। ਇਸ ਆਧਾਰ ਉਤੇ ਖਾਲਸਾ ਦਾ ਸਿੱਖ ਪ੍ਰਸੰਗ ਅਕਾਲ ਨਾਲ ਸਿੱਧਾ ਜੁੜਿਆ ਧਰਮ, ਅਕਾਲੀ ਧਰਮ, ਵਾਹਿਗੁਰੂ ਜੀ ਕਾ ਖਾਲਸਾ ਅਤੇ ਸਿੰਘ ਪੰਥ ਸਥਾਪਿਤ ਹੋ ਚੁੱਕਾ ਹੈ ਇਸ ਦੀ ਵਿਆਖਿਆ ਦਸਮ ਪਾਤਸ਼ਾਹ ਹਜ਼ੂਰ ਨੇ ਕਰਦਿਆਂ ਦਸਿਆ ਹੈ ਕਿ ਖਾਲਸਾ ਨੂੰ ਕਰਮਕਾਂਡਾ ਤੋਂ ਮੁਕਤ ਹੋ ਕੇ ਧਾਰਮਿਕ ਵਿਚੋਲਿਆਂ ਨੂੰ ਖਤਮ ਕਰ ਕੇ ਚਲਣਾ ਮੂਲ ਸ਼ਰਤ ਮੰਨੀ ਗਈ ਹੈ:

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਸ ਜਾਨੈ॥
(੩੩, ਸਵੱਯੇ ਪਾਤਸ਼ਾਹੀ ੧੦)

ਇਸ ਤਰ੍ਹਾਂ ਖਾਲਸਾ ਸੰਸਥਾ ਦਾ ਨਿਰਮਾਣ ਅਜਿਹੇ ਯੋਗਤਾ ਮੂਲਕ ਜਨ-ਸਮੂਹ ਵਜੋਂ ਸਾਹਮਣੇ ਆਇਆ ਹੈ, ਜਿਸ ਨੇ ਇਕ ਅਕਾਲ ਪੁਰਖ ਦੇ ਪ੍ਰੇਮ ਅਤੇ ਸਿਮਰਨ ਨੂੰ ਮੁੱਖ ਜਾਣਿਆ ਹੈ। ਸੋ ਭਾਈ ਕਾਹਨ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ ਦੇ ਪੰਨਾ ੩੨੨ ਉਤੇ ਖਾਲਸਾ ਸ਼ਬਦ ਦੀ ਇਹ ਵਿਆਖਿਆ ਦਿੱਤੀ ਹੋਈ ਹੈ, "ਖਾਲਿਸ ਦਾ ਅਰਥ ਹੈ ਸ਼ੁੱਧ ਨਿਰਮਲ ਅਤੇ ਬਿਨਾ ਮਿਲਾਵਟ, ਇਸੇ ਭਾਵ ਨੂੰ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤੀਏ ਸਿੱਖਾਂ (ਸਿੰਘਾਂ) ਦਾ ਨਾਉਂ ਖਾਲਸਾ ਰਖਿਆ ਹੈ, ਜੋ ਨਿਰਮਲ ਸ਼ਬਦ ਦਾ ਅਨੁਵਾਦ ਹੈ।" ਇਸ ਨਾਲ ਖਾਲਸਾ ਸੰਸਥਾ ਵੱਲ ਇਸ਼ਾਰਾ ਹੋ ਗਿਆ ਹੈ। ਜਿਹੜੇ ਲੋਕ ਖਾਲਸਾ ਨੂੰ ਇਕ ਖਾਸ ਪਹਿਰਾਵੇ ਵਾਲੇ ਵਖਰੇ ਬਾਣਾਧਾਰੀ ਸੰਘ ਮੰਨ ਕੇ ਤੁਰਦੇ ਹਨ, ਉਹ ਖਾਲਸਾ ਸੰਸਥਾ ਨੂੰ ਖਾਲਸਾ ਸੰਕਲਪ ਨਾਲੋਂ ਬਿਲਕੁੱਲ ਤੋੜ ਕੇ ਵੇਖਣ ਅਤੇ ਪ੍ਰਗਟ ਕਰਨ ਦੀ ਗਲਤੀ ਕਰ ਰਹੇ ਕਹਿਣੇ ਚਾਹੀਦੇ ਹਨ। ਸਿੱਖ ਰਹਿਤ ਅਤੇ ਸਿੱਖ ਬਾਣਾ ਜੇ ਮੂਲ ਅਧਿਆਤਮਕਤਾ ਨਾਲੋਂ ਟੁਟਿਆ ਹੋਇਆ ਹੈ ਤਾਂ ਉਸ ਨੇ ਉਸੇ ਕਸਵਟੀ 'ਤੇ ਹੀ ਪਰਖਿਆ ਜਾਣਾ ਚਾਹੀਦਾ ਹੈ, ਜਿਸ ਉਤੇ ਗੁਰੂ ਨਾਨਕ ਦੇਵ ਜੀ ਨੇ ਜੰਞੂ ਨੂੰ ਪਰਖਣ ਲਈ ਆਸਾ ਦੀ ਵਾਰ ਵਿਚ ਸਿਧਾਂਤਕ ਆਧਾਰ ਮੁਹਈਆ ਕੀਤਾ ਹੋਇਆ ਹੈ-

"ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤ॥" (ਪੰਨਾ ੪੭੧)

ਖਾਲਸੇ ਦਾ ਸੰਕਲਪ ਸਥਾਪਤ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਠੀਕ ਪ੍ਰਸੰਗ ਤੋਂ ਅਣਜਾਣ ਆਮ ਲੋਕ ਜਾਂ ਲੇਖਕ ਅਤੇ ਪਾਠਕ ਖਾਲਸੇ ਨੂੰ ਅਜਿਹੀ ਫੌਜ ਸਮਝ ਲੈਂਦੇ ਹਨ ਜਿਸ ਦਾ ਕੰਮ ਦੂਜਿਆਂ ਦੀ ਰੱਖਿਆ ਹਿੱਤ ਜੰਗਾਂ-ਜੁੱਧਾਂ ਵਿਚ ਉਲਝੇ ਰਹਿਣਾ ਹੈ। ਜਿਸ ਦੇ ਸਮਰਥਨ ਵਿਚ ਉਹ "ਖਾਲਸਾ ਸੋ ਜੋ ਕਰੇ ਨਿਤ ਜੰਗ" ਦਾ ਹਵਾਲਾ ਦੇ ਕੇ ਸੁਰਖਰੂ ਵੀ ਹੋਣ ਦੀ ਕੋਸ਼ਿਸ਼ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖਾਲਸੇ ਨੇ ਲੋੜਵੰਦਾਂ ਅਤੇ ਕਮਜ਼ੋਰਾਂ ਦੀ ਮਦਦ ਕੀਤੀ ਵੀ ਹੈ ਅਤੇ ਕਰਦੇ ਵੀ ਰਹਿਣਾ ਚਾਹੀਦਾ ਹੈ। ਇਹੋ ਜਿਹੀ ਮਦਦ ਦੀ ਨੀਂਹ ਨਾਲ ਜੁੜੇ ਹੋਏ ਸਿਧਾਂਤ ਦਾ ਪ੍ਰਕਾਸ਼ਨ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਦੂਜਿਆਂ ਦੇ ਧਰਮ ਦੀ ਰੱਖਿਆ ਕਰ ਕੇ ਸਾਹਮਣੇ ਲੈ ਆਂਦਾ ਸੀ। ਇਸ ਸਿਧਾਂਤਕ ਕਾਰਨਾਮੇ ਨੂੰ ਵਕਤੀ ਘਟਨਾ ਜਾਂ ਸਮਕਾਲੀਨ ਸਥਿਤੀ ਦੀ ਇਤਿਹਾਸਕਤਾ ਤੱਕ ਸੀਮਿਤ ਕਰਕੇ ਵੇਖੇ ਜਾਣ ਦੀ ਲੋੜ ਨਹੀਂ ਹੈ।


www.AKJ.Org

ਕਾਰਣ ਇਹ ਹੈ ਕਿ ਨੌਵੇ ਨਾਨਕ ਹਜ਼ੂਰ ਦਾ ਕਾਰਨਾਮਾ ਹਿੰਦੂ ਧਰਮ ਦੀ ਰੱਖਿਆ ਤਕ ਸੀਮਿਤ ਨਹੀਂ ਸੀ, ਸਗੋਂ ਧਾਰਮਿਕ ਆਜ਼ਾਦੀ ਦੀ ਰੱਖਿਆ ਵਾਸਤੇ ਅਜਿਹਾ ਸਿਧਾਂਤਕ ਫੈਸਲਾ ਸੀ, ਜਿਸ ਦੀ ਰੋਸ਼ਨੀ ਵਿਚ ਸਿੱਖ ਇਤਿਹਾਸ ਦੀ ਸਿਰਜਣਾ ਕੀਤੀ ਜਾਣੀ ਸੀ। ਸਿਧਾਂਤ ਦਾ ਇਤਿਹਾਸਕ ਪ੍ਰਕਾਸ਼ਨ ਇਹ ਹੈ ਕਿ "ਖਾਲਸਾ ਸੋ ਨਿਰਧਨ ਕੋ ਪਾਲੈ।। ਖਾਲਸਾ ਸੋਇ ਦੁਸ਼ਟ ਕਉ ਗਾਲੈ।।" ਇਹ ਭਾਵਨਾ "ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭਖਿਆ" ਰਾਹੀਂ ਪ੍ਰਗਟ ਹੋ ਚੁੱਕੀ ਹੈ।

ਸਿੱਖ ਸਾਹਿਤ ਵਿਚ ਖਾਲਸੇ ਦਾ ਪ੍ਰਸੰਗ ਸਥਾਪਤ ਕਰਨ ਦੇ ਯਤਨ ਵਿਚ ਖਾਲਸੇ ਨੂੰ ਕਪਟ ਤੋਂ ਦੂਰ ਅਤੇ ਇਕ ਅਕਾਲ ਪੁਰਖ ਨੂੰ ਜਪਣ ਵਾਲਾ ਧਾਰਮਿਕ ਭਾਈਚਾਰਾ ਪਰਵਾਨ ਕੀਤਾ ਹੋਇਆ ਹੈ। ਸੰਕਲਪ ਰੂਪ ਵਿਚ ਖਾਲਸਾ ਸਿਧਾਂਤ ਹੈ ਅਤੇ ਇਸ ਨੂੰ ਕਿਸੇ ਤਰ੍ਹਾਂ ਦੀ ਸੀਮਾ ਵਿਚ ਨਹੀਂ ਵੇਖਿਆ ਜਾ ਸਕਦਾ। ਖਾਲਸਾ ਭਾਵਨਾ ਨੂੰ ਮਾਨਵ ਨੇ ਗ੍ਰਹਿਣ ਕਰਨਾ ਹੈ ਅਤੇ ਗ੍ਰਹਿਣ ਕਰਨ ਦੀ ਵਿਧੀ ਨੂੰ ਗੁਰਮਤਿ ਦੀ ਸੰਗਿਆ ਪ੍ਰਾਪਤ ਹੈ। ਵਿਧੀ ਉਹੀ ਹੈ, ਜਿਸ ਨੂੰ ਸਿੱਖ ਚਿੰਤਨ ਵਿਚ ਜੁਗਤਿ ਵਜੋਂ ਮਾਨਤਾ ਪ੍ਰਾਪਤ ਹੈ। "ਗੁਰ ਸੋਭਾ" ਵਿਚੋਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ:

ਹੁਕਮੁ ਨ ਮਾਨਹਿ ਖਸਮ ਕਾ ਜਿਨਿ ਰਾਹੁ ਬਤਾਇਆ।
ਜੀ ਓਇ ਕਪਟੀ ਹੋਇ ਨ ਖਾਲਸਾ ਕੇਤਾ ਸਮਝਾਇਆ ।।੫੮।।੧੭੪।।..
ਬਿਨਸੈ ਸਗਲ ਕਲੇਸ਼ ਗਯੋ ਜੰਜਾਲਸਾ ।
ਚੁਕਿਓ ਆਵਨ ਜਾਨ ਮਿਟੀ ਸਬ ਲਾਲਸਾ ।
ਜੀ ਖਾਲਸਾ ਜਪਿ ਗੋਬਿੰਦ ਭਯੋ ਹੈ ਖਾਲਸਾ ।।੭੧।।੧੮੭।। (ਗੁਰ ਸੋਭਾ)

ਖਾਲਸੇ ਵਿਚ ਭਗਤੀ ਅਤੇ ਸ਼ਕਤੀ ਦੇ ਜੋੜ ਦੇ ਨਾਲ ਨਾਲ ਸੰਤ ਅਤੇ ਸਿਪਾਹੀ ਦੀ ਇਕਸੁਰਤਾ ਵੀ ਜ਼ਰੂਰੀ ਹੈ। ਬਹਾਦਰੀ ਅਤੇ ਸਹਿਨਸ਼ੀਲਤਾ ਦੇ ਜਿਸ ਸੰਗਮ ਦੀ ਖਾਲਸੇ ਤੋਂ ਆਸ ਕੀਤੀ ਹੋਈ ਹੈ, ਉਸ ਨੂੰ ਉਹੀ ਪ੍ਰਾਪਤੀ ਕਹਿਣੀ ਚਾਹੀਦੀ ਹੈ, ਜਿਸ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਅਤੇ ਸਮਰਥਾ ਖਾਲਸਾ ਭਾਵ ਸੰਬੰਧਿਤ ਸਿੱਖਾ ਨੇ ਆਪਣੇ ਅੰਦਰ ਪੈਦਾ ਕਰ ਲਈ ਹੈ। ਭਾਈ ਕਾਹਨ ਸਿੰਘ ਨਾਭਾ ਨੇ ਇਸ ਪ੍ਰਸੰਗ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ ਹੋਇਆ ਹੈ:

ਜਾਨੈ ਸਾਰ ਬਾਣੀ ਕੋ, ਅਸਾਰ ਕੋ ਤਿਆਗ ਕਰੈ,
ਮਾਯਾ ਜਾਲ ਮਾਹਿ, ਸਦਾ ਰਹਿਤ ਮਰਾਲ ਸਾ।
ਪਰਉਪਕਾਰੀ ਅਤਿ ਉਦਮੀ ਉਦਾਰ ਭਾਰੀ,
ਸੁੰਦਰ ਦੀਦਾਰੀ ਧਾਰੈ ਤਨਿਕ ਨ ਆਲਸਾ।
ਸਸਤ੍ਰਨ ਕੋ ਪ੍ਰੇਮੀ ਨੇਮੀ ਯੁੱਧ ਕਰਤੱਬਨ ਕੋ,
ਮਹਾਂ ਸੌਮਜ ਰੂਪ ਪਰ ਸ਼ਤ੍ਰੂਨ ਕਰਾਲ ਸਾ।
ਅਸ੍ਵ ਕੋ ਸਵਾਰ ਬੀਰ ਰਸ ਕੈ ਅਗਾਰ,
ਸਭ ਸੈਨਾ ਕੋ ਸਿੰਗਾਰ ਦਸਮੇਸ਼ ਜੂ ਕੋ ਖਾਲਸਾ। (ਗੁਰਮਤਿ ਮਾਰਤੰਡ, ਪੰਨਾ ੩੨੪)

ਖਾਲਸੇ ਦਾ ਇਤਿਹਾਸ ਨਿਰਸੰਦੇਹ ੧੬੯੯ ਤੋਂ ਆਰੰਭ ਹੁੰਦਾ ਹੈ, ਪਰ ਇਸ ਦਾ ਸਿਧਾਂਤਕ ਆਗਾਜ਼ ਤਾਂ ੧੪੯੯ ਈ; ਵਿਚ ਵੇਈਂ ਨਦੀ ਪਰਵੇਸ਼ ਤੋਂ ਬਾਅਦ ਹੋ ਗਿਆ ਸੀ। ਖਾਲਸੇ ਦਾ ਵਰਤਮਾਨ ਸਰੂਪ ਕਕਾਰਧਾਰੀ ਖਾਲਸਾ ਦਾ ਹੈ। ਇਸ ਭਾਵਨਾ ਦਾ ਪ੍ਰਗਟਾਵਾ "ਗੁਰੁ ਸੋਭਾ" ਵਿਚ ਹੋ ਚੁੱਕਾ ਹੈ:

ਸੀਸ ਨ ਮੁੰਡਾਵ ਮੀਤ ਹੁਕਾ ਤਜਿ ਰੀਤਿ,
ਮਨ ਮੈਂ ਕਰਿ ਪ੍ਰੇਮ ਪ੍ਰੀਤਿ ਸੰਗਤਿ ਮੈਂ ਜਾਈਐ।

ਸਪਸ਼ਟ ਹੋਇਆ ਕਿ ਦਸਮ ਪਾਤਸ਼ਾਹ ਜੀ ਨੇਂ ਸ਼ਬਦ ਦੀ ਕਮਾਈ ਵਾਲੇ ਭਵ ਦਾਗ਼ੇ ਹੋਏ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਸਜਾਇਆ। ਇਹ ਸੰਕਲਪ ਦਾ ਵਿਵਹਾਰ ਵਿਚੋਂ ਪ੍ਰਗਟ ਹੋਣਾ ਹੈ ਅਤੇ


www.AKJ.Org

ਇਸ ਉਤੇ ਆਧਾਰਤ ਖਾਲਸਾ ਸੰਸਥਾ ਨੂੰ ਸੰਕਲਪ ਧਿਆਨ ਵਿਚ ਰੱਖ ਕੇ ਗੱਲ ਕੀਤੀ ਜਾ ਰਹੀ ਹੈ। ਸੋ ਖਾਲਸਾ ਸੰਸਥਾ ਨੂੰ ਸੰਕਲਪ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਖਾਲਸਾ ਦਾ ਸੰਕਲਪ ਸਭ ਤੋਂ ਪਹਿਲਾਂ ਬਾਣੀ ਵਿਚ ਪ੍ਰਗਟ ਹੋਇਆ ਹੈ *ਬਾਣੀ ਵਿਚੋਂ ਪੁਸ਼ਟ ਹੋ ਸਕਣ ਵਾਲੀ ਖਾਲਸਾ ਸੰਸਥਾ ਬਾਰੇ ਨਿਰੰਤਰ ਵਿਚਾਰ ਚਰਚਾ ਹੁੰਦੀ ਰਹਿਣੀ ਚਾਹੀਦੀ ਹੈ। ਸਿੱਖ ਸਾਹਿਤ ਵਿਚੋਂ ਹੁਕਮਨਾਮਿਆਂ ਅਤੇ ਰਹਿਤਨਾਮਿਆਂ ਵਿਚ ਕਈ ਥਾਵਾਂ ਉਤੇ ਅਜਿਹੇ ਜ਼ਿਕਰ ਵੀ ਆ ਗਏ ਹਨ, ਜਿਨ੍ਹਾਂ ਵਿਚ ਖਾਲਸਾ ਸੰਸਥਾ ਨੂੰ ਸਿਧਾਂਤ ਦੀ ਥਾਂ ਪਰੰਪਰਾਵਾਂ ਦੇ ਆਸਾਰੇ ਖੜ੍ਹੇ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਪ੍ਰਤੀਤ ਹੁੰਦੀ ਹੈ। ਇਸ ਲਈ ਸਿੱਖ ਸਾਹਿਤ ਵਾਸਤੇ ਬਾਣੀ ਦੀ ਕਸਵੱਟੀ 'ਤੇ ਪੂਰਾ ਉਤਰਨਾ ਲਾਜ਼ਮੀ ਹੈ। ਬਾਣੀ ਦੀ ਚੇਤਨਾ ਤੋਂ ਬਿਨਾਂ ਪਰੰਪਰਾਵਾਂ ਕਈ ਵਾਰ ਸਥਾਨਕ ਲੋੜਾਂ ਤਕ ਸੀਮਿਤ ਹੋ ਕੇ ਰਹਿ ਜਾਂਦੀਆਂ ਹਨ।*

ਤਖ਼ਤ ਸਾਹਿਬਾਨ ਵਿਚੋਂ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਨਿਭਾਈ ਜਾ ਰਹੀ ਮਰਯਾਦਾ ਵਿਚ ਸਿਧਾਂਤ ਨਾਲੋਂ ਪਰੰਪਰਾ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਜਥੇਬੰਦੀਆਂ ਮਹਿਜ਼ ਪਰੰਪਰਾ ਨੂੰ ਆਧਾਰ ਬਣਾ ਕੇ ਵੱਖਰੀ ਰਹਿਤ ਨਾਲ ਜੁੜੀਆਂ ਹੋਈਆਂ ਕਹੀਆਂ ਜਾ ਸਕਦੀਆਂ ਹਨ। ਖਾਲਸਾ ਪੰਥ ਦੀ ਸਿਧਾਂਤ ਮੂਲਕ ਇਕੋ ਹੀ ਰਹਿਤ ਹੋਣੀ ਚਾਹੀਦੀ ਹੈ। ਖਾਲਸਾ ਸੰਸਥਾ ਨੂੰ ਧੜਿਆਂ ਦਾ ਏਕੀਕਰਣ ਨਹੀਂ ਕਹਿਣਾ ਚਾਹੀਦਾ ਕਿਉਂਕਿ ਨ ਹੀ ਖਾਲਸੇ ਨੂੰ ਵਕਤੀ ਪ੍ਰਾਪਤੀਆਂ ਵਾਸਤੇ ਵਸੀਲਾ -ਸੰਸਥਾ ਪਰਵਾਨ ਕੀਤਾ ਜਾ ਸਕਦਾ ਹੈ ਅਤੇ ਨ ਹੀ ਖਾਲਸਾ ਪੰਥ ਨੂੰ ਵਕਤੀ ਮਜ਼ਬੂਰੀਆ ਤਕ ਸੀਮਿਤ ਕੀਤਾ ਜਾ ਸਕਦਾ ਹੈ। ਗੁਰੂ ਕਾਲ ਵਿਚ ਸਿਧਾਂਤਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਏਕੋ ਨਾਮ ਨਾਲ ਜੁੜੀ ਹੋਈ ਸੰਗਤ ਨੂੰ ਹੀ, ਖਾਲਸੇ ਵਜੋਂ ਗੁਰੂ ਜੁਗਤਿ ਰਾਹੀਂ ਪਰਿਵਰਤਿਤ ਕਰ ਦਿੱਤਾ ਗਿਆ ਸੀ। ਭਾਈ ਗੁਰਦਾਸ ਜੀ ਨੇ ਇਸ ਨੂੰ "ਸੰਗਤਿ ਕੀਨੀ ਖਾਲਸਾ" ਦੇ ਪ੍ਰਸੰਗ ਰਾਹੀਂ ਪ੍ਰਗਟ ਕੀਤਾ ਹੋਇਆ ਹੈ। ਖਾਲਸਾ ਸੰਸਥਾ ਰਾਹੀਂ ਸਿਧਾਂਤ ਅਤੇ ਅਮਨ ਦੀ ਇਕਸੁਰਤਾ ਦੀ ਆਸ ਸਿੱਖ ਸਾਹਿਤ ਵਿਚ ਕੀਤੀ ਹੋਈ ਹੈ। "ਗੁਰ ਸੋਭਾ" ਵਿਚ ਸੰਗਤ ਅਤੇ ਖਾਲਸਾ ਨੂੰ ਗੁਰੂ ਹੁਕਮ ਦੇ ਨਿਰੰਤਰ ਪ੍ਰਕਾਸ਼ਨ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਹੁਕਮੀ ਬੰਦੇ ਹੀ ਖਾਲਸਾ ਭਾਈਚਾਰਾ ਹੋ ਸਕਣ ਦੀ ਯੋਗਤਾ ਦੇ ਮਾਲਕ ਮੰਨੇ ਗਏ ਹਨ। ਵਿਕਾਰਾਂ ਦੀ ਥਾਂ ਗੁਣਾ ਦੇ ਬੋਲਬਾਲੇ ਨੂੰ ਖਾਲਸਈ ਪ੍ਰਗਟਾਵਾ ਪਰਵਾਨ ਕੀਤਾ ਗਿਆ ਹੈ। ਖਾਲਸੇ ਦੀ ਰਹਿਤ ਵੱਲ ਸੰਕੇਤ ਕਰਨ ਦੇ ਬਾਵਜੂਦ, ਖਾਲਸੇ ਨੂੰ ਅਕਾਲ ਪੁਰਖ ਦੀ ਫੌਜ ਵਜੋਂ ਹੀ ਪ੍ਰਗਟਾਇਆ ਗਿਆ ਹੈ:

ਕੀਏ ਜਦਿ ਬਚਨਿ ਸਤਿਗੁਰੂ ਕਾਰਨ ਕਰਨ
ਸਰਬ ਸੰਗਤਿ ਆਦਿ ਅੰਤਿ ਮੇਰਾ ਖਾਲਸਾ।
ਮਾਨੇਗਾ ਹੁਕਮੁ ਸੋ ਤੋ ਹੋਵੈਗਾ ਸਿਖ ਸਹੀ,
ਨ ਮਾਨੈਗਾ ਹੁਕਮੁ ਸੋ ਤੋ ਹੋਵੈਗਾ ਬਿਹਾਲਸਾ।
ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੋ ਪ੍ਰੀਤਿ ਕਰੇ,
ਦਯਾ ਔਰ ਧਰਮ ਧਾਰ ਤਿਆਗੇ ਸਭ ਲਾਲਸਾ।
ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ
ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ॥੩੦॥੧੪੬॥ (ਅਧਿ-੫)

ਸੋ ਰਹਿਤ ਵਿਹੂਣੇ ਖਾਲਸੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਗੁਰਬਾਣੀ ਵਿਚ ਸੰਗਤੀ ਅਵਸਥਾ ਵਿਚ ਵੀ, ਸਿੱਖ ਨੂੰ ਰਹਿਤ ਵਿਹੂਣ ਜੀਵਨ ਦੀ ਆਗਿਆ ਨਹੀਂ ਦਿੱਤੀ ਗਈ ਸੀ। ਸਿੱਖ ਰਹਿਤ ਦਾ ਕੇਂਦਰੀ ਬਿੰਦੂ ਤਾਂ ਨਾਮ ਸਿਮਰਨ ਹੀ ਹੈ। ਗੁਰੂ ਰਾਮਦਾਸ ਜੀ ਗਉੜੀ ਦੀ ਵਾਰ ਵਿਚ ਸਿੱਖ ਦੀ ਰਹਿਤ ਦਾ ਵੇਰਵਾ ਦਿੰਦੇ ਹੋਏ ਦੱਸਦੇ ਹਨ ਕਿ ਗੁਰਸਿਖ ਅਖਵਾਉਣ ਲਈ ਲੋੜੀਂਦੀ ਯੋਗਤਾ ਪ੍ਰਾਪਤ ਕਰਨੀ ਪੈਂਦੀ ਹੈ। ਯੋਗਤਾ ਪ੍ਰਾਪਤ ਕਰਨ ਦੀ ਇਛਾ ਅਤੇ ਵਰਤਾਰਾ ਹੀ ਰਹਿਤ ਆਖਿਆ ਹੋਇਆ ਹੈ। ਰਹਿਵਾਨ ਸਿੱਖ


www.AKJ.Org

ਨੂੰ ਮਿਸ਼ਨਰੀ ਵਜੋਂ ਪਰਵਾਨ ਕੀਤਾ ਹੋਇਆ ਹੈ ਕਿਉਂਕਿ ਉਸ ਨੇ ਦੂਸਰਿਆਂ ਤੋਂ ਉਹੀ ਆਸ ਰੱਖਣੀ ਹੈ, ਜਿਸ ਨੂੰ ਉਹ ਆਪ ਵਿਸ਼ਵਾਸ ਅਤੇ ਵਿਵਹਾਰ ਦੀ ਪੱਧਰ ਤੇ ਜ਼ਾਹਰਾ ਰੂਪ ਵਿਚ ਨਿਭਾ ਰਿਹਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥..
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੫-੦੬)

ਸੋ 'ਰਹਿਤ' ਖਾਲਸਾ ਸੰਸਥਾ ਦਾ ਕੇਂਦਰੀ ਸਰੋਕਾਰ ਹੈ। ਹੁਣ ਜਦੋਂ ਸਿੱਖ ਧਰਮ ਨਿਰਪੇਖ ਸਿਆਸਤ ਦੇ ਰੂ-ਬ-ਰੂ ਹਨ ਤਾਂ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਸੁਤੰਤਰ ਖਾਲਸਈ ਤੱਤਾਂ ਨੂੰ ਸਿੱਖ ਮਾਨਸਿਕਤਾ ਵਿਚ ਸੁਰੱਖਿਅਤ ਕਿਵੇਂ ਰੱਖਣਾ ਹੈ? ਭਾਰਤੀ ਰਾਸ਼ਟਰਵਾਦ ਵਿਚ ਸਿੱਖ ਅਕਾਂਖਿਆਵਾਂ ਨੂੰ ਵਲੂੰਦਰੇ ਜਾਣ ਤੋਂ ਬਚਾਅ ਦੇ ਸਾਧਨ ਸੋਚਣੇ ਪੈਣਗੇ? ਅਜਿਹਾ ਸੋਚਦੇ ਵਕਤ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਪੰਡਤ ਰਾਮਾਬਾਈ (੧੮੫੮-੧੯੨੨) ਨੇ ਈਸਾਈ ਹਿੰਦੂ (Christian Hindu) ਦਾ ਸੰਕਲਪ ਸਾਹਮਣੇ ਲਿਆਂਦਾ ਸੀ। ਇਸੇ ਹੀ ਤਰਜ਼ 'ਤੇ ਮਲੇਸ਼ੀਆ ਵਿਚ "ਈਸਾਈ ਸਿੱਖ" ਦੀ ਮੁਹਿੰਮ ਮੇਰੇ ਧਿਆਨ ਵਿਚ ਲਿਆਂਦੀ ਗਈ ਸੀ।

ਪਹਿਲਾਂ ਹੀ ਪੰਜਾਬ ਵਿਚ ਰਾਧਾ ਸਵਾਮੀ ਸਿੱਖ, ਨਿਰੰਕਾਰੀ ਸਿੱਖ ਅਤੇ ਕੂਕੇ ਸਿੱਖ ਨੂੰ ਪ੍ਰਚਲਿਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹੁਣ ਤਾਂ ਡੇਰੇਦਾਰੀਆਂ ਦੇ ਨਾਮ ਉਤੇ ਅੰਮ੍ਰਿਤ ਵੀ ਛਕਾਇਆ ਜਾ ਰਿਹਾ ਹੈ। ਇਸ ਹਾਲਤ ਵਿਚ ਖਾਲਸਾ ਸੰਸਥਾ ਨਾਲ ਜੁੜੇ ਹੋਏ ਸਿੱਖਾਂ ਨੂੰ ਧਿਆਨ ਰੱਖਣਾ ਪਵੇਗਾ ਕਿ ਅਕਾਦਮਿਕ ਖੇਤਰ ਵਿਚ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜ ਕੇ ਵੇਖਣ ਵਾਲੇ ਨੂੰ ਸ਼ੱਕੀਆਂ ਨਿਗਾਹਾਂ ਨਾਲ ਵੇਖਿਆ ਜਾ ਰਿਹਾ ਹੈ। ਪਹਿਲਾਂ ਇਹ ਪ੍ਰਭਾਵ ਇਕੜ-ਦੁਕੜ ਵਿਦਵਾਨਾਂ ਵੱਲੋਂ ਦਿੱਤਾ ਜਾ ਰਿਹਾ ਸੀ ਪਰ ਹੁਣ ਸਿੱਖਾਂ ਨੂੰ "ਹਿੰਦੂਆਂ ਦਾ ਰੱਖਿਅਕ" ਭਾਗ ਕਹਿਣ ਦੇ ਨਾਲ ਨਾਲ ਸਿੱਖ ਨੂੰ "ਖਾੜਕੂ ਭਾਸ਼ਾ ਵਾਲਾ ਹਿੰਦੂ (Hindu in militant sikh discourse) ਵੀ ਕਿਹਾ ਜਾ ਰਿਹਾ ਹੈ। ਇਹ ਸਭ ਇਸ ਲਈ ਠੀਕ ਨਹੀਂ ਹੈ ਕਿ ਕਿਉਂਕਿ ਖਾਲਸਾ ਸੰਕਲਪਨ ਦੀਆਂ ਜੜ੍ਹਾਂ ਕਿਸੇ ਪ੍ਰਾਪਤ ਸੰਕਲਪ ਦੀ ਨਿਰੰਤਰਤਾ ਵਿਚ ਨਹੀਂ ਹਨ। ਖਾਲਸਾ ਸੰਕਲਪਨ ਸੁਧਾਰਵਾਦੀ ਲਹਿਰ ਵੀ ਨਹੀਂ ਹੈ। ਖਾਲਸਾ ਦਾ ਆਧਾਰ ਬਾਣੀ ਮੂਲਕ ਅਧਿਆਤਮਕਤਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਗਤਿ ਜੋਤਿ ਅਤੇ ਜ਼ਾਹਰਾ ਜ਼ਹੂਰ ਸ਼ਬਦ ਗੁਰੂ ਵਜੋਂ ਮਾਨਤਾ ਪ੍ਰਾਪਤ ਹੈ। ਖਾਲਸਾ ਨੇ ਸੁਤੰਤਰ ਸੁਰ ਅਤੇ ਸਮਰੱਥ ਲੀਹਾਂ ਵਾਲਾ ਇਤਿਹਾਸ ਸਿਰਜਿਆ ਵੀ ਹੈ ਅਤੇ ਸੰਪਰਕ ਵਿਚ ਆਉਣ ਵਾਲਿਆਂ ਤੋਂ ਮੰਨਵਾਇਆ ਵੀ ਹੈ। ਖਾਲਸਾ ਸਿਰਜਣਾ ਸਮੇਂ ਪ੍ਰਾਪਤ ਅਧਿਆਤਮਕ ਪਰਤਾਂ ਨੂੰ ਧਿਆਨ ਵਿਚ ਰੱਖਣ ਦੇ ਨਾਲ ਨਾਲ ਲੋਕ ਧਰਮ ਅਤੇ ਲੋਕ ਸਭਿਆਚਾਰ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ ਪ੍ਰਾਪਤ ਅਧਿਆਤਮਕ ਪਰਤਾਂ ਨੂੰ ਅੱਗੇ ਤੁਰਦਿਆਂ ਸੁਤੰਤਰ ਅਧਿਆਤਮਕਤਾ ਸਿਰਜੀ ਗਈ ਹੈ। ਅਜਿਹਾ ਕਰਦੇ ਸਮੇਂ ਲੋਕ-ਧਰਮ ਨਾਲ ਜੁੜੇ ਹੋਏ ਵਿਸ਼ਵਾਸਾਂ ਅਤੇ ਲੋਕ ਸਭਿਆਚਾਰ ਨਾਲ ਜੁੜੇ ਹੋਏ ਮੁਹਾਵਰੇ ਦੀ ਸਦ-ਪ੍ਰਸੰਗਕਤਾ ਸਥਾਪਤ ਕੀਤੀ ਗਈ ਹੈ। ਅਜਿਹਾ ਕਰਕੇ ਖਾਲਸਾ ਸੰਸਥਾ ਰਾਹੀਂ ਵਿਸ਼ਵਾਰਥੀ ਅਧਿਆਤਮਿਕ ਅਕਾਂਖਿਆਵਾਂ (Global aspirations) ਵਾਸਤੇ ਲੋੜੀਂਦੇ ਅਚੁੱਕ ਸਮਾਧਾਨ ਵਜੋਂ ਸ਼ਬਦ-ਮਾਡਲ ਨੂੰ ਖਾਲਸਾ ਪ੍ਰਕਾਸ਼ਨ ਦੇ ਸ੍ਰੋਤ ਵਜੋਂ ਸਾਹਮਣੇ ਲੈ ਆਂਦਾ ਹੈ। ਇਸੇ ਵਿਚ ਸਿੱਖ ਮਾਨਸਿਕਤਾ ਵਿਚ ਘਰ ਕਰ ਗਏ "ਛਿਆਨਵੇਂ ਕ੍ਰੋੜੀ" ਬੋਲੇ ਅਤੇ "ਰਾਜ ਕਰੇਗਾ ਖਾਲਸਾ" ਦੀ ਅਰਦਾਸ ਨੂੰ ਸ਼ਾਮਲ ਮੰਨਿਆ ਜਾ ਸਕਦਾ ਹੈ।

# "ਵਾਹੁ ਵਾਹੁ ਦਸਮੇਸ਼ ਪਿਤਾ ਤੇਰੀ ਵਡਿਆਈ"

(ਭਾਈ ਬਲਬੀਰ ਸਿੰਘ ਦਿੱਲੀ)

ਵਾਹੁ ਵਾਹੁ ਦਸਮੇਸ਼ ਪਿਤਾ ਤੇਰੀ ਵਡਿਆਈ ........
ਧੰਨ ਗੁਰੂ ਤੇਗ ਬਹਾਦਰ ਜਿਨ੍ਹਾਂ ਸੁਣ ਬੇਨਤੀ ਹਿੰਦੂਆਂ ਦੀ, ਉਨਾ ਧਰਮ ਨੂੰ ਬਚਾਇਆ
ਨੌਂ ਸਾਲ ਦੀ ਉਮਰ ਵਿੱਚ ਦਸਮੇਸ਼ ਨੇ ਆਪਣੇ ਪਿਤਾ ਨੂੰ ਸ਼ਹੀਦੀ ਦੇਣ ਬਾਰੇ ਸੁਝਾਇਆ
ਸ਼ਹੀਦੀ ਦਿੱਤੀ ਹਿੰਦੂਆਂ ਖਾਤਰ ਹਿੰਦ ਦੀ ਚਾਦਰ ਕਹਾਇਆ
ਪਿਤਾ ਜੀ ਦੀ ਸ਼ਹੀਦੀ ਉਪ੍ਰਾਂਤ ਮਿਲੀ ਆਪ ਜੀ ਨੂੰ ਗੁਰਿਆਈ
ਵਾਹੁ ਵਾਹੁ ਦਸਮੇਸ਼ ਪਿਤਾ ਤੇਰੀ ਵਡਿਆਈ ...........
ਹੁਣ ਕੀਤਾ ਆਪ ਜੀ ਨੇ ਵਿਚਾਰ, ਅਕਾਲ ਪੁਰਖ ਦੀ "ਖਾਲਸਾ ਫੌਜ" ਕਰਨੀ ਹੈ ਤਿਆਰ
30 ਮਾਰਚ 1699 ਦਿਹਾੜੇ ਆਪ ਜੀ ਨੇ ਪੰਡਾਂਲ ਲੁਆਇਆ
ਭਾਰੀ ਮਾਤਰਾ ਵਿੱਚ ਸੰਗਤ ਨੇ ਪਹੁੰਚ ਕੇ ਦਸਮੇਸ਼ ਪਿਤਾ ਦਾ ਮਾਣ ਵਧਾਇਆ
ਲੈ ਕੇ ਨੰਗੀ ਕ੍ਰਿਪਾਨ ਦਸਮੇਸ਼ ਪਿਤਾ ਨੇ ਆ ਇਹ ਬਚਨ ਸੁਣਾਇਆ
ਹੈ ਕੋਈ ਸਿਖ ਮੇਰਾ ਜੋ ਸੀਸ ਭੇਟਾਂ ਕਰੇ ਮੈਨੂੰ, ਬਚਨ ਸੁਣਕੇ ਗੁਰੂ ਦੇ ਭਰੀ ਸੰਗਤ 'ਚ ਸੰਨਾਟਾ ਛਾਇਆ
ਉਠਿਆ ਇਕ ਨੌਜਵਾਨ ਦਇਆ ਰਾਮ, ਸੀਸ ਭੇਟਾ ਕਰ ਗੁਰੂ ਨੂੰ ਭਾਈ ਦਇਆ ਸਿੰਘ ਕਹਾਇਆ
ਦੂਜੀ ਵਾਰ ਦਸਮੇਸ਼ ਪਿਤਾ ਨੇ ਫਿਰ ਆਪਣਾ ਬਚਨ ਦੁਹਰਾਇਆ ਹੈ ਕੋਈ ਸਿੰਘ ਮੇਰਾ ਜੋ ਸੀਸ ਭੇਟਾ ਕਰੇ ਮੈਨੂੰ
ਸੁਣ ਬਚਨ ਦਸਮੇਸ਼ ਪਿਤਾ ਦੇ ਧਰਮ ਦਾਸ ਸੀਸ ਭੇਟਾ ਕਰ ਗੁਰੂ ਨੂੰ ਭਾਈ ਧਰਮ ਸਿੰਘ ਕਹਾਇਆ
ਤੀਜੀ ਵਾਰ ਫਿਰ ਦਸਮੇਸ਼ ਪਿਤਾ ਆਪਣਾ ਬਚਨ ਦੁਹਰਾਇਆ, ਹੈ ਕੋਈ ਸਿਖ ਮੇਰਾ ਜੋ ਸੀਸ ਭੇਟਾ ਕਰੇ ਮੈਨੂੰ
ਸੁਣ ਬਚਨ ਦਸਮੇਸ਼ ਪਿਤਾ ਦੇ ਭਰੀ ਸੰਗਤ ਵਿਚ ਫਿਰ ਸੰਨਾਟਾ ਛਾਇਆ
ਪਰ ਗੁਰੂ ਦਾ ਇੱਕ ਪ੍ਰੇਮੀ ਹਿੰਮਤ ਰਾਇ ਸੀਸ ਭੇਟਾ ਕਰ ਗੁਰੂ ਨੂੰ ਭਾਈ ਹਿੰਮਤ ਸਿੰਘ ਕਹਾਇਆ
ਫਿਰ ਚੌਥੀ ਵਾਰ ਦਸਮੇਸ਼ ਪਿਤਾ ਲਹੂ ਭਿੱਜੀ ਕ੍ਰਿਪਾਨ ਲੈ ਕੈ ਪੰਡਾਲ ਚੋਂ ਬਾਹਰ ਆਇਆ
ਹੈ ਕੋਈ ਸਿੱਖ ਮੇਰਾ ...... ਇਨ੍ਹਾਂ ਹੀ ਸੁਣਕੇ ਬੈਠੀ ਸੰਗਤ ਵਿਚ ਕੁਝ ਸੁਆਲਾ ਦਾ ਉਬਾਲ ਆਇਆ
ਅੱਜ ਕੀ ਹੋਇਆ ਗੁਰੂ ਨੂੰ ਸਾਡੇ, ਜੋ ਚੌਥਾ ਸੀਸ ਲੈਣ ਲਈ ਫਿਰ ਆਪਨਾ ਬਚਨ ਦੁਹਰਾਇਆ।
ਵੇਖੇ ਸੰਗਤ ਸਾਰੀ ਇਹ ਕੀ ਗੁਰੂ ਨੇ ਰਚਨ ਰਚਾਇਆ, ਪਰ ਸੀਸ ਭੇਟਾ ਕਰ ਗੁਰੂ ਨੂੰ ਮੋਹਕਮ ਚੰਦ
ਭਾਈ ਮੋਹਕਮ ਸਿੰਘ ਕਹਾਇਆ।
ਫਿਰ ਪੰਜਵੀ ਵਾਰ ਦਸਮੇਸ਼ ਪਿਤਾ ਲਹੂ ਭਿੱਜੀ ਕ੍ਰਿਪਾਨ ਪੰਡਾਲ ਚੋ ਬਾਹਰ ਲਿਆ ਆਪਣਾ ਬਚਨ ਦੁਹਰਾਇਆ
ਬਚਨ ਸੁਣ ਕੇ ਸੀਸ ਭੇਟਾ ਕਰ ਦਸਮੇਸ਼ ਪਿਤਾ ਨੂੰ, ਸਾਹਿਬ ਰਾਇ ਭਾਈ ਸਾਹਿਬ ਸਿੰਘ ਕਹਾਇਆ
ਹੈਰਾਨ ਹੋਈ ਸੰਗਤ ਸਾਰੀ ਜਦੋਂ ਪੰਜਾਂ ਸਿੰਘਾਂ ਨੂੰ ਸਾਜ ਦਸਮੇਸ਼ ਪਿਤਾ ਪੰਡਾਲ ਚੋ ਬਾਹਰ ਲਿਆਇਆ
ਦਿਤੀ ਅੰਮ੍ਰਿਤ ਦਾਤ ਪੰਜਾਂ ਨੂੰ ਇਕ ਪਰਮੇਸ਼ਰ ਰੂਪ ਬਣਾਇਆ
ਪੰਚ ਪਰਮੇਸ਼ਰ ਤੋਂ ਅੰਮ੍ਰਿਤ ਦਾਤ ਲੈ ਕੇ ਗੁਰੂ ਗੋਬਿੰਦ ਰਾਇ ਗੁਰੂ ਗੋਬਿੰਦ ਸਿੰਘ ਕਹਾਇਆ
ਗੁਰੂ ਗੋਬਿੰਦ ਸਿੰਘ ਗੁਰੂ ਗੋਬਿੰਦ ਸਿੰਘ ਕਰਦੀ ਸਾਰੀ ਲੋਕਾਈ
ਆਪੇ ਗੁਰੂ ਚੇਲਾ ਗੁਰੂ ਚੇਲਾ ਦੀ ਅਨੋਖੀ ਪਿਰਤ ਵਿਖਾਈ
ਵਾਹੁ ਵਾਹੁ ਦਸਮੇਸ਼ ਪਿਤਾ ਤੇਰੀ ਵਡਿਆਈ ...........

---

ਗੁਰਸਿਖ ਰੂਪ ਤੇਰਾ ਹੈ ਖਾਸ, ਮੁਖ ਉੱਜਲ ਹਰ ਥਾਂ ਏਸ ਦਾ ਏ।
ਮਾਨਵਤਾ ਦਾ ਰਾਖਾ ਘੜਿਆ, ਸੰਤ ਸਿਪਾਹੀ ਦੇਸ ਦਾ ਏ।
ਸਾਬਤ ਸੂਰਤ, ਤੇਗਾ ਧਾਰੀ, ਰਹਿਤਾਂ ਉੱਚੀਆਂ ਸੁੱਚੀਆਂ,
ਵੇਖ ਕੇ ਲੋਕੀਂ ਆਖਣ ਇਹਨੂੰ ਕਿਹਾ ਸੋਹਣਾ । ਪੁੱਤ ਦਸਮੇਸ਼ ਦਾ ਏ।।


www.AKJ.Org

# ਖਾਲਸੇ ਦੀ ਗੁਰਤਾ

(ਡਾ. ਹਰਭਜਨ ਸਿੰਘ ਖਾਲਸਾ)

ਸੰਸਕ੍ਰਿਤ ਵਿਦਵਾਨਾਂ ਨੇ 'ਗੁਰੁ' ਸ਼ਬਦ ਦੀ ਵਿਉਂਤਪਤੀ 'ਗ੍ਰੀ' ਧਾਤੂ ਉਤੇ 'ਕੁ' ਪ੍ਰਤਯਯ ਲੱਗਣ ਤੋਂ ਹੋਈ ਮੰਨੀ ਹੈ ਅਤੇ ਇਹ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ : ਭਾਰੀ, ਵਿਸਤ੍ਰਿਤ, ਲੰਬਾ, ਮਹੱਤਵਪੂਰਨ, ਅਸਾਧਯ, ਪ੍ਰਚੰਡ, ਸਤਿਕਾਰਯੋਗ, ਅਪਰ ਭੋਜਨ, ਪਿਆਰਾ, ਅਹੰਕਾਰੀ, ਦੀਰਘ-ਮਾਤਰਾ, ਪਿਤਾ, ਬ੍ਰਹਸਪਤਿ ਦੇਵਗੁਰੂ, ਬ੍ਰਹਸਪਤਿ ਨਛੱਤਰ, ਨਵੇਂ ਸਿਧਾਂਤਾਂ ਦਾ ਵਯਖਯਾਦਾ, ਪ੍ਰਭਾਕਰ (ਮੀਮਾਸਾਂ ਦਾ ਕਰਤਾ) ਇਤਿਯਾਦਿਕ, ਭਾਈ ਮਨੀ ਸਿੰਘ ਜੀ ਨੇ 'ਸਿੱਖਾਂ ਦੀ ਭਗਤਮਾਲਾ' ਵਿਚ 'ਵਾਹਿਗੁਰੂ' ਦੇ ਅਰਥ ਨਿਰਧਾਰਿਤ ਕਰਦਿਆਂ 'ਗੁਰੂ' ਸ਼ਬਦ ਸੰਬੰਧੀ ਕਿਹਾ ਹੈ, 'ਗੋਇ' ਨਾਮ ਅੰਧਕਾਰ ਦਾ ਹੈ ਤੇ 'ਰੋਇ' ਨਾਮ ਪ੍ਰਕਾਸ਼ ਦਾ ਹੈ ਐਸੇ ਜੜ੍ਹ ਅਨਿੱਤ ਦੇਹ ਨੂੰ ਜੋ ਪ੍ਰਕਾਸ਼ ਦੇ ਰਿਹਾ ਹੈ ਉਹ ਗੁਰੂ ਹੈ। ਕਵਿ ਚੂੜਾਮਣਿ, ਭਾਈ ਸੰਤੋਖ ਸਿੰਘ ਜੀ ਇਸ ਸੰਬੰਧੀ ਕਹਿੰਦੇ ਹਨ :

'ਗੋਂ' ਤਮ ਨਾਮ ਅਗਜਾਨ ਅਨਿੱਤ। 'ਰੋਂ' ਪਰਕਾਸ਼ ਕਿਯੋ ਜਿਨ ਚਿੱਤੁ॥
ਇਉਂ ਸ੍ਰੀ ਨਾਨਕ ਨਾਮ ਬਨਾਯੋ॥ ਸੁਨਿ ਸ਼੍ਰੁਤਿ ਸੰਤਨ ਚਿਤ ਸੁਖ ਪਾਯੋ ॥੬੩॥

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਅਧਿ ੧)

ਇਸ ਤਰ੍ਹਾਂ ਗੁਰੂ ਕੇਵਲ ਪ੍ਰਕਾਸ਼-ਸ਼ਕਤੀ ਨੂੰ ਹੀ ਨਹੀਂ ਕਿਹਾ ਜਾਂਦਾ, ਸਗੋਂ ਗੁਰੂ ਉਹ ਹੈ ਜੋ ਆਪਣੀ ਪ੍ਰਕਾਸ਼ਮਾਨਤਾ ਨੂੰ ਮਾਨਵ-ਸਮੂਹ ਦੇ ਹਿਰਦੇ ਵਿਚ ਸਫਲਤਾ ਸਹਿਤ ਸੰਚਾਰਿਤ ਕਰਨ ਦੀ ਦੈਵੀ ਸਮਰੱਥਾ ਨਾਲ ਭੀ ਭਰਪੂਰ ਹੋਵੇ।

ਗੁਰੂ ਪਦ ਕੇਵਲ ਗਿਆਨ-ਜੋਤਿ ਨਾਲ ਹੀ ਸੰਬੰਧਿਤ ਨਹੀਂ ਬਲਕਿ ਗਿਆਨ-ਜੋਤਿ ਅਤੇ ਇਸ ਦੇ ਪ੍ਰਕਾਸ਼ਨ ਦੀ ਸਫਲ ਜੁਗਤਿ ਜਾਂ ਵਿਧੀ, ਇਹਨਾਂ ਦੋਹਾਂ ਅੰਗਾਂ ਜਾਂ ਗੁਰੂ-ਸਰੂਪਾਂ ਦਾ ਸੁਮੇਲ ਗੁਰੂ-ਪਦ ਨਿਰਧਾਰਿਤ ਕਰਨ ਲਈ ਅਤਿ ਅਵੱਸ਼ਕ ਹੈ। ਜਿਥੇ ਗੁਰੂ-ਜੋਤਿ ਗੁਰਬਾਣੀ ਵਿਚ ਵਿਦਮਾਨ ਹੈ, ਗੁਰੂ ਪੰਥ ਨਾਲ ਸੰਬੰਧਿਤ ਹੈ। ਜਿਵੇਂ ਸ਼ਬਦ-ਜੋਤਿ ਨੂੰ ਸਦੀਵੀ ਪ੍ਰਦੀਪਿਤ ਕਰਨ ਹਿੱਤ ਗੁਰੂ-ਪਾਤਸ਼ਾਹਾਂ ਨੇ ਪ੍ਰਮਾਣਿਤ ਗ੍ਰੰਥ ਸੰਕਲਿਤ ਕਰਨ ਪ੍ਰਤੀ ਚੇਤੰਨਤਾ ਵਰਤੀ, ਉਸੇ ਤਰ੍ਹਾਂ ਸ਼ਬਦ ਗੁਰੂ ਦੀ ਪ੍ਰਸਾਰਨ ਵਿਧੀ ਜਾਂ ਜੁਗਤਿ ਨੂੰ ਸਥਾਈ ਕਰਨ ਸੰਬੰਧੀ ਭੀ ਉਹਨਾ ਇਕ ਦੋਸ਼-ਰਹਿਤ ਪ੍ਰਬੰਧ ਕਰਨ ਦੇ ਉਚੇਚੇ ਉਪਰਾਲੇ ਕੀਤੇ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨ-ਕਲਿਆਣ ਹਿੱਤ ਧਰਮ-ਉਪਦੇਸ਼ ਕਰਨ ਲਈ ਭ੍ਰਮਣ ਕਰਦਿਆਂ, ਸੰਪਰਕ ਵਿਚ ਆਏ ਲੋਕਾਂ ਨੂੰ ਸੰਗਤ ਦੀ ਮਹਾਨਤਾ ਦੱਸ ਕੇ, ਸੰਗਤਾਂ ਕਾਇਮ ਕਰਨ ਲਈ ਪ੍ਰੇਰਿਤ ਕੀਤਾ। ਸਿੱਧਾਂ ਦੇ ਇਕਾਂਤਵਾਸੀ ਧਰਮ ਨਾਲੋਂ ਸੰਗਤੀ ਧਰਮ ਦੀ ਉਤਮਤਾ ਦੱਸਦਿਆਂ ਉਹਨਾਂ ਸਿੱਖਾਂ ਨੂੰ ਕਿਹਾ, "ਗੁਰੂ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।" 'ਕਰਤਾਰਪੁਰ ਵਿਚ ਧਰਮਸ਼ਾਲ ਕਾਇਮ ਕਰ ਕੇ ਸਾਧ-ਸੰਗਤਿ ਨੂੰ ਪਾਰਬ੍ਰਹਮ ਦੇ ਨਿੱਜ-ਸਥਾਨ, ਸੱਚ-ਖੰਡ ਦੇ ਦਰਜਾ ਦਿੱਤਾ। ਭਾਈ ਗੁਰਦਾਸ ਤੋਂ ਉਲਿਖਿਤ ਹੈ:

ਧਰਮਸਾਲ ਕਰਤਾਰਪੁਰੁ ਸਾਧ ਸੰਗਤਿ ਸਚ ਖੰਡੁ ਵਸਾਇਆ। (ਭਾਈ ਗੁਰਦਾਸ ਜੀ, ੨੪/੧)

ਗੁਰਬਾਣੀ ਅਤੇ ਹੋਰ ਮੁਢਲੇ ਸਿੱਖ ਗ੍ਰੰਥਾਂ ਵਿਚ ਸੰਗਤ ਦੀ ਉਸਤਤਿ ਸਿਰਫ ਇਸ ਉਦੇਸ਼ ਨਾਲ ਨਹੀਂ ਕੀਤੀ ਗਈ, ਕਿ ਸਾਧ ਸੰਗਤ ਸੇਵਾ-ਸਿਮਰਨ ਦੇ ਪ੍ਰਵਾਹ ਦਾ ਕੇਂਦਰ ਸੀ, ਬਲਕਿ ਇਸੇ ਸੰਗਤ ਨੇ ਵਿਕਸਿਤ ਹੋ ਕੇ ਗੁਰੂ-ਜੁਗਤਿ ਦਾ ਧਾਰਨੀ ਹੋਣਾ ਸੀ। ਭਾਈ ਨੰਦ ਲਾਲ 'ਸੰਗਤ' ਦੀ ਵਡਿਆਈ ਕਰਦਿਆਂ ਕਹਿੰਦੇ ਹਨ, "ਅਸਾ ਹਰ ਥਾਂ ਰੱਬ ਦੇ ਨੂਰ ਨੂੰ ਮਹਾਪੁਰਖਾਂ ਦੀ 'ਸੰਗਤ' ਵਿਚ ਜਜ਼ਬ ਹੁੰਦਾ ਵੇਖਿਆ।" ਭਾਈ ਮਨੀ ਸਿੰਘ ਦਾ ਕਥਨ ਹੈ, "ਗੁਰਮੁਖ ਸਾਧ ਸੰਗਤ ਨੂੰ ਨਿਰੰਕਾਰ ਦਾ ਆਸਣ ਜਾਣਦੇ ਹਨ।" ਗੁਰੂ-ਕਾਲ ਵਿਚ ਸੰਗਤ ਦੀ ਅੱਖੀਂ-ਡਿੱਠੀ ਵਡਿਆਈ ਬਾਰੇ ਮੁਹਸਿਨ ਫ਼ਾਨੀ ਲਿਖਦਾ ਹੈ, "ਜਦੋਂ ਸਿੱਖ ਇਕੱਤਰ ਹੁੰਦੇ ਹਨ ਤਾਂ ਗੁਰੂ ਭੀ ਆਪਣੀ ਮਨੋਕਾਮਨਾ ਦੀ ਪੂਰਤੀ ਲਈ ਸੰਗਤ ਨੂੰ ਅਰਦਾਸ ਕਰਨ ਹਿੱਤ ਬੇਨਤੀ ਕਰਦਾ ਹੈ। ਸਿੱਖਾਂ ਦਾ ਵਿਸ਼ਵਾਸ ਹੈ ਕਿ ਜਦੋਂ ਸੰਗਤ ਇਕਾਗਰ ਚਿੱਤ ਹੋ ਕੇ ਕਿਸੇ ਕਾਰਜ ਲਈ ਅਰਦਾਸ ਕਰਦੀ ਹੈ ਤਾਂ


www.AKJ.Org

ਉਹ ਕਾਰਜ ਸਫਲ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਉਸ ਸਮੇਂ ਇਕ ਨਵੀਂ, ਪਰ ਪੂਰਵ-ਨਿਰਧਾਰਿਤ, ਰੂਪ-ਰੇਖਾ ਪ੍ਰਦਾਨ ਕਰ ਦਿੱਤੀ, ਜਦੋਂ ੧੬੯੯ ਈ. ਦੀ ਵੈਸਾਖੀ ਵਾਲੇ ਦਿਨ, ਖੰਡੇ ਦੀ ਪਾਹੁਲ ਦੇ ਕੇ ਸੰਗਤ ਨੂੰ ਗੁਰੂ-ਖਾਲਸੇ ਵਿਚ ਰੂਪਾਂਤ੍ਰਿਤ ਕਰ ਦਿੱਤਾ। ਭਾਈ ਗੁਰਦਾਸ (ਦੂਜੇ) ਨੇ ਇਸ ਪਰਿਵਰਤਨ ਦੀ ਵਾਸਤਵਿਕਤਾ ਨੂੰ ਇਕ ਸਤਰ ਵਿੱਚ ਪ੍ਰਸਤੁਤ ਕਰਦਿਆਂ ਲਿਖਿਆ ਹੈ :

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ । (ਵਾਰ ੪੧/੧)

ਸਿੱਖ ਲਿਖਾਰੀਆਂ ਅਨੁਸਾਰ ਖਾਲਸੇ ਨੂੰ ਗੁਰਤਾ ਦੇਣਾ ਉਸੇ ਤਰ੍ਹਾਂ ਦੀ ਕ੍ਰਿਯਾ ਸੀ, ਜਿਵੇਂ ਗੁਰੂ ਨਾਨਕ ਸਾਹਿਬ ਦੁਆਰਾ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣਾ। ਭਾਈ ਰਤਨ ਸਿੰਘ ਭੰਗੂ ਤੋਂ ਉਲਿਖਿਤ ਹੈ :

ਕਰੀ ਜੁ ਸਤਿਗੁਰ ਪ੍ਰਥਮ ਬਿਧ ਸੋਈ ਪੁਨ ਬਿਧ ਕੀਨ।
ਪੰਜ ਭੁਜੰਗੀ ਜੋ ਭਏ ਗੁਰ ਉਨ ਤੇ ਪਾਹੁਲ ਲੀਨ ।
ਯਹੀ ਆਦ ਹੁਤ ਆਯੋ ਵਰਤਾਰਾ।
ਜਿਮ ਨਾਨਕ ਗੁਰ ਅੰਗਦ ਧਾਰਾ । (ਪ੍ਰਾਚੀਨ ਪੰਥ ਪ੍ਰਕਾਸ਼)

ਆਮ ਤੌਰ 'ਤੇ ਖਾਲਸੇ ਦਾ ਅਰਥ : ਸ਼ੁੱਧ ਪਵਿੱਤਰ, ਖਾਲਸ, ਨਿਰਮਲ ਇਤਯਾਦਿਕ ਕਰਨ ਦੀ ਰੀਤ ਤੁਰ ਪਈ ਹੈ, ਪਰ ਸਿੱਖ ਪਰੰਪਰਾ ਅਨੁਸਾਰ 'ਖਾਲਸਾ' ਉਹ ਹੈ ਜੋ ਕਿਸੇ ਵਿਅਕਤੀ, ਬੰਦੇ-ਬੰਦਈ ਦੀ ਵਿਚੋਲਗੀ ਬਿਨਾਂ, ਸਿੱਧਾ ਗੁਰੂ ਨਾਨਕ ਜੋਤਿ ਦੀ ਅਗਵਾਈ ਸਵੀਕਾਰ ਕਰਦਾ ਹੈ। ਇਤਿਹਾਸ ਅਨੁਸਾਰ ਸਿੱਖ-ਪੰਥ ਦੀ ਵਿਧੀ ਹਿੱਤ ਮਸੰਦ-ਪ੍ਰਥਾ ਹੋਂਦ ਵਿਚ ਆਈ। ਸੰਗਤਾਂ ਮਸੰਦਾਂ ਦੀ ਅਗਵਾਈ ਵਿਚ ਕੰਮ ਕਰਦੀਆਂ ਸਨ, ਪਰ ਜਿਨ੍ਹਾਂ ਥਾਵਾਂ ਤੇ ਮਸੰਦਾਂ ਦੀ ਨਿਯੁਕਤੀ ਨਹੀਂ ਕੀਤੀ ਗਈ, ਭਾਵ ਜੋ ਸੰਗਤਾਂ ਸਿੱਧੀਆਂ ਗੁਰੂ ਸਾਹਿਬ ਦੇ ਅਧੀਨ ਸਨ, ਉਹਨਾਂ ਨੂੰ ਖਾਲਸੇ ਦੀ ਵਿਧੀਵਤ ਸਥਾਪਨਾ ਤੋਂ ਪਹਿਲਾਂ ਹੀ 'ਖਾਲਸਾ' ਹੋਣ ਦਾ ਮਾਨ ਪ੍ਰਾਪਤ ਸੀ। ਗੁਰੂ-ਪਾਤਸ਼ਾਹਾਂ ਦੇ, ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਤੋਂ ਲੈ ਕੇ, ਲਿਖੇ ਹੁਕਮਨਾਮੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ। ਇਸ ਪ੍ਰਕਾਰ ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ 'ਖਾਲਸਾ' ਉਹ ਹੈ ਜੋ ਸਿੱਧਾ ਗੁਰੂ-ਪਾਤਸ਼ਾਹ ਦੇ ਅਧੀਨ ਹੈ। ਕਵੀ ਸੈਨਾਪਤਿ ਸਪੱਸ਼ਟ ਲਿਖਦਾ ਹੈ :

ਸੋ (ਮਸੰਦ) ਸਤਿਗੁਰ ਕੀਏ ਦੂਰਿ ਸਬ ਪਰਮ ਜੋਤਿ ਨਿਜ ਧਾਰਿ।
ਸਕਲ ਸਿੱਖ ਭਏ ਖਾਲਸਾ ਸੁਨੀਐ ਸਾਰ ਬਿਚਾਰਿ । (ਸ੍ਰੀ ਗੁਰ ਸੋਭਾ)

ਭਾਈ ਸੁੱਖਾ ਸਿੰਘ ਦਾ ਕਥਨ ਹੈ :

ਜਹਾਂ ਤਹਾਂ ਸੰਗਤ ਗੁਰ ਪਯਾਰੀ। ਭਈ ਖਾਲਸਾ ਸਰਬ ਸੁ ਸਾਰੀ। (ਗੁਰ ਬਿਲਾਸ ਪਾ. ੧੦)

੩੦ ਮਾਰਚ, ੧੬੯੯ ਨੂੰ ਸ੍ਰੀ ਗੁਰੂ ਜੀ ਨੇ ਅਕਾਲ ਪੁਰਖ ਦੀ ਆਗਿਆ ਅਨੁਸਾਰ ਨਿਮਰਤਾ ਸਹਿਤ ਪੰਜ ਪਿਆਰਿਆਂ ਤੋਂ ਪਾਹੁਲ ਦੀ ਯਾਚਨਾ ਕਰ ਕੇ ਆਪਣਾ ਸਰੀਰਕ ਰੂਪ ਅਤੇ ਗੁਰੂ ਕਾਇਆ ਨਾਲ ਸੰਬੰਧਿਤ 'ਜੁਗਤਿ' ਦਾ ਅਧਿਕਾਰ ਖਾਲਸੇ ਵਿਚ ਵਿਲੀਨ ਕਰਕੇ ਖਾਲਸੇ ਨੂੰ ਆਪਣਾ ਸਤਿਗੁਰੂ ਕਹਿ ਦਿੱਤਾ। ਉਹਨਾਂ ਕਈ ਹੋਰ ਘਟਨਾਵਾਂ ਰਾਹੀਂ ਖਾਲਸੇ ਦੀ ਗੁਰਤਾ ਦਾ ਅਧਿਕਾਰ ਸੁਦ੍ਰਿੜ ਕਰਨ ਹਿੱਤ ਕੌਤਕ ਵਰਤਾਏ। ਸਿੱਖ ਇਤਿਹਾਸਕਾਰਾਂ ਦੀ ਧਾਰਨਾ ਹੈ ਕਿ ਚਮਕੌਰ ਦੀ ਗੜ੍ਹੀ ਤਿਆਗਣ ਸਮੇਂ ਪੰਜ ਸਿੱਖਾਂ ਨੇ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕੀਤੀ। ਕਵਿ ਸੰਤੋਖ ਸਿੰਘ ਤੋਂ ਉਲਿਖਿਤ ਹੈ :

ਦਯਾ ਸਿੰਘ ਅਰੁ ਧਰਮ ਸਿੰਘ ਜੀ ਮਾਨ ਸਿੰਘ ਤੀਜੋ ਬਰ ਬੀਰ।
ਸੰਗਤ ਸਿੰਘ ਸੰਤ ਸਿੰਘ ਪੰਚਮ ਤਿਨਹੁ ਬਿਠਾਯੋ ਦੇ ਕਰਿ ਧੀਰ।
ਗੁਰਤਾ ਅਰਪਨਿ ਲਗੇ ਖਾਲਸੇ ਪੰਚ ਸਿੰਘ ਤਹਿ ਸੋਹਿ ਸ਼ਰੀਰ ।
ਪੰਚਹੁ ਮਹਿ ਨਿਤ ਵਰਤਤਿ ਮੈਂ ਹੌ ਪੰਚ ਮਿਲਹਿ ਸੇ ਪੀਰਨਿ ਪੀਰ ॥੨॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤ ੬ ਅੰਸੂ ੪੧)

ਦਾਦੂ ਦੁਆਰੇ ਸਮਾਧ ਨੂੰ ਤੀਰ ਨਾਲ ਨਮਸਕਾਰ ਕਰਾ ਕੇ ਖਾਲਸੇ ਤੋਂ ਪ੍ਰਸੰਨਤਾ ਸਹਿਤ ਤਨਖਾਹ


www.AKJ.Org

ਲਗਵਾਉਣੀ ਜੀਵਨ-ਕਾਲ ਵਿਚ ਹੀ ਮਜ਼ਬੂਤ ਆਧਾਰ ਪ੍ਰਦਾਨ ਕਰਨ ਦੇ ਯਤਨ ਸਨ।

ਗ੍ਰੰਥ-ਪੰਥ ਦੀ ਗੁਰਤਾ ਦਾ ਭਾਵ ਇਹ ਹੈ ਕਿ ਗੁਰੂ ਦਾ ਜੋਤਿ-ਅੰਗ ਸ਼ਬਦ ਰੂਪ ਧਾਰ ਕੇ ਗ੍ਰੰਥ ਵਿਚ ਸੁਸ਼ੋਭਿਤ ਹੈ, ਪਰ ਇਸ ਸ਼ਬਦ-ਜੋਤਿ ਦੇ ਪ੍ਰਕਾਸ਼ ਨੂੰ ਵਿਸ਼ਵ ਵਿੱਚ ਦੀਪਤਿਮਾਨ ਕਰਨ ਵਾਸਤੇ ਜੁਗਤਿ ਦਾ ਜੋ ਯੋਗਦਾਨ ਆਵੱਸ਼ਕ ਹੈ, ਉਹ ਜ਼ਰੂਰਤ "ਖਾਲਸਾ-ਪੰਥ' ਪੂਰੀ ਕਰਦਾ ਹੈ। 'ਗੁਰੂ-ਪੰਥ' ਸਿੱਖ ਇਤਿਹਾਸ, ਸ਼ਬਦ-ਜੋਤਿ ਅਤੇ ਬਦਲੇ ਹਾਲਾਤਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਗੁਰੂ-ਗਿਆਨ ਦੀ ਪ੍ਰਕਾਸ਼ਮਾਨਤਾ ਦਾ ਵਿਸਤਾਰ ਕਰਨ ਵਾਸਤੇ 'ਜੁਗਤਿ' ਦੇ ਪੁਨਰ-ਨਿਰਧਾਰਣ ਲਈ ਅਧੀਕ੍ਰਿਤ ਹੈ। ਖਾਲਸੇ ਦੀ ਗੁਰਤਾ ਦਾ ਮਤਲਬ ਇਹ ਹੈ ਕਿ ਪੰਥ ਵਿਚ ਕਿਸੇ ਵਿਅਕਤੀ ਦਾ ਕੋਈ ਵਿਸ਼ੇਸ਼ ਦਰਜਾ ਨਹੀਂ ਹੈ, ਸਗੋਂ ਸਾਰੇ ਸਿੱਖਾਂ ਵਿਚ ਭਰਾ-ਭਰਾ ਵਾਲੀ ਸਮਾਨਤਾ ਹੈ।

੧੭੦੮ ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਖਾਲਸੇ ਦੀ ਗੁਰਤਾ ਦਾ ਵਿਚਾਰ ਕਿਤਨਾ ਕੁ ਪ੍ਰਭਾਵਸ਼ਾਲੀ ਸੀ, ਇਸ ਵਾਸਤੇ ਕੁਝ ਮਹੱਤਵਪੂਰਨ ਪ੍ਰਮਾਣਾਂ ਦੀ ਪ੍ਰਸਤੁਤੀ ਹੈ :

ਕਵਿ ਸੈਨਾਪਤੀ :

ਖਾਲਸ ਮੇਰੋ ਰੂਪ ਹੈ ਹੌਂ ਖਾਲਸ ਕੇ ਪਾਸਿ ।<br>
ਆਦਿ ਅੰਤਿ ਹੀ ਹੋਤ ਹੈ ਖਾਲਸ ਮੈਂ ਪ੍ਰਗਾਸ ।

....... ........ ........

ਭਰਮ ਭੇਖ ਤੇ ਰਹੈ ਨਿਆਰਾ । ਸੋ ਖਾਲਸਾ ਸਤਿਗੁਰੂ ਹਮਾਰਾ ।

ਭਾਈ ਕੋਇਰ ਸਿੰਘ :

ਮੁਹ ਦਰਸਨ ਪੰਥ ਬਿਖੈ ਕਰ ਹੈ ਗੁਰ ਖਾਲਸਾ ਜਾਨ ਲਿਜੈ ਮਨ ਮਾਹੀ।<br>
ਸ੍ਰੀ ਗੁਰ ਆਪ ਸਮਾਨ ਕਰਯੋ ਯਹ ਪੰਥ ਅਨੂਪ ਲਖੈ ਆਪ ਜਾਹੀ

ਭਾਈ ਸੁੱਖਾ ਸਿੰਘ :

ਏਹੋ ਗੁਰੂ ਖਾਲਸਾ ਆਦੀ। ਹੋਵਤ ਆਯੋ ਆਦਿ ਜੁਗਾਦੀ ।

ਭਾਈ ਪ੍ਰਹਿਲਾਦ ਸਿੰਘ :

ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ।<br>
ਜੋ ਸਿੱਖ ਮੋ ਮਿਲਬੋ ਚਹਹਿ ਖੋਜ ਇਨਹੁ ਮਹਿ ਲੇਹ। (ਰਹਿਤਨਾਮਾ)

ਭਾਈ ਦੇਸਾ ਸਿੰਘ :

ਗੁਰੂ ਸਰੂਪ ਖਾਲਸਾ ਹਈਏ। ਜਿਨ ਕੀ ਟਹਿਲ ਪਰਮ ਸੁਖ ਲਹੀਏ।

ਬਾਵਾ ਸੁਮੇਰ ਸਿੰਘ :

ਸ੍ਰੀ ਗੁਰੂ ਨਾਨਕ ਰੂਪ ਦਸ ਪੰਥ ਖਾਲਸਾ ਖਾਸ ।<br>
ਕਰ ਪ੍ਰਣਾਮ ਸੁਮੇਰ ਹਰਿ ਕਰਤ ਪਚਾਸਾ ਰਾਸ ।

ਭਾਈ ਬੁੱਧ ਸਿੰਘ :

ਪੰਥ ਖਾਲਸਾ ਰੂਪ ਗੁਰ ਤਾਂ ਕੇ ਕਾਰਨ ਰੂਪ।<br>
ਲੱਛਣ ਫਲ ਰਹਿਤ ਕਹੋ ਕਰਉ ਸਹਾਇ ਅਨੂਪ।

ਭਾਈ ਰਤਨ ਸਿੰਘ ਭੰਗੂ :

ਯੌਂ ਸਤਿਗੁਰ ਕੰਮ ਸਭ ਖਾਲਸੇ ਦੀਯੋ।<br>
ਮੁਖਤਯਾਰ ਖਾਲਸਾ ਸਭ ਥਾਂ ਕੀਯੋ।

ਕਵਿ ਸੰਤੋਖ ਸਿੰਘ :

ਗੁਰੂ ਖਾਲਸਾ ਖਾਲਸਾ ਗੁਰੂ। ਅਬ ਤੇ ਹੋਇ ਐਸੀ ਬਿਧ ਸ਼ੁਰੂ।<br>
ਅਪਨੀ ਜੋਤਿ ਖਾਲਸੇ ਬਿਖੈ। ਹਮ ਨੇ ਧਰੀ ਸਕਲ ਜਗ ਪਿਖੈ।


www.AKJ.Org

ਸਰਬ ਲੋਹ ਗ੍ਰੰਥ :

ਪ੍ਰਤਖਜ ਕਲਾ ਪਾਰਬ੍ਰਹਮ ਧਣੀਛੈ ਗ੍ਰੰਥਿ ਪੰਥ ਖਾਲਸ ਵਰਤੰਤਾ।
ਦਾਸ ਗੋਬਿੰਦ ਫਤਹ ਸਤਿਗੁਰੂ ਕੀ ਖਾਸ ਗ੍ਰੰਥ ਗੁਰੂ ਰੂਪ ਬਦੰਤਾ।

ਮਹਾਰਾਜਾ ਰਣਜੀਤ ਸਿੰਘ ਨੇ ਸ਼ਖ਼ਸੀ ਰਾਜ ਕਾਇਮ ਕਰ ਕੇ 'ਗੁਰਮਤੇ' ਵਰਗੀਆਂ ਪਰੰਪਰਾਵਾਂ ਨੂੰ ਖ਼ਤਮ ਕਰ, ਖਾਲਸੇ ਦੀ ਉਚਤਾ ਨੂੰ ਪ੍ਰਭਾਵਿਤ ਕੀਤਾ। ਅੰਗਰੇਜ਼ੀ ਰਾਜ ਸਮੇਂ ਮਹੰਤਾਂ ਦੀ ਡੇਰੇਦਾਰੀ ਵਿਰੁੱਧ ਪੰਥਕ ਭਾਵਨਾਵਾਂ ਫਿਰ ਪ੍ਰਬਲ ਹੋਈਆਂ, ਨਤੀਜੇ ਵਜੋਂ ਮਜ਼ਬੂਤ ਸਿੱਖ ਸੰਗਠਨ ਕ੍ਰਿਯਾਸ਼ੀਲ ਹੋ ਗਿਆ। ਪਰ ਆਜ਼ਾਦੀ ਪਿੱਛੋਂ ਸੰਤ-ਪ੍ਰਥਾ ਅਤੇ ਡੇਰੇਦਾਰਾਂ ਦਾ ਅਮਰ ਵੇਲ ਵਾਂਗ ਵਿਸਤਾਰ ਹੋਣ ਕਰਕੇ, ਪੰਥਕ-ਉਚਤਾ ਉਤੇ ਵਿਅਕਤੀਵਾਦੀ-ਉਚਤਾ ਹਾਵੀ ਹੋ ਗਈ ਹੈ, ਜਿਸ ਨੇ ਸਿੱਖ ਸੰਗਠਨ ਨੂੰ ਧੜਿਆਂ ਵਿਚ ਵਿਭਾਜਿਤ ਕਰ ਕੇ ਪੰਥ ਦੀ ਸ਼ਕਤੀ ਨੂੰ ਖੀਣ ਕੀਤਾ ਹੈ। 'ਗ੍ਰੰਥ-ਗੁਰਤਾ' ਤਾਂ ਜ਼ੋਰ ਨਾਲ ਪ੍ਰਚਾਰੀ ਗਈ ਹੈ, ਪਰ 'ਪੰਥ-ਗੁਰਤਾ' ਦਾ ਵਿਚਾਰ ਧੁੰਦਲਾ ਹੋ ਗਿਆ ਹੈ। ਗੁਰੂ-ਪਦਵੀ ਨੂੰ ਠੀਕ ਸਮਝਣ ਅਤੇ ਸੰਗਠਨ ਦੀ ਭਲਾਈ ਲਈ ਪੰਥ ਤੇ ਗ੍ਰੰਥ ਦੀ ਗੁਰਤਾ ਬਾਰੇ ਸਿਧਾਂਤਕ ਸੂਝ ਦੀ ਅਤਿਅੰਤ ਲੋੜ ਹੈ।

---

## ਸਿੱਖੀ ਸੰਵਿਧਾਨ

(ਵਲੋਂ ਕਰਤਾਰ ਸਿੰਘ, ਰਾਜਪੁਰਾ)

1. ਇਕ ਹੈ ਸਾਡਾ ਸ਼ਹਿਨਸ਼ਾਹਿ ਪੰਜ ਉਸਦੇ ਸ਼ਾਹੀ ਵਜ਼ੀਰ।
2. ਪੰਜ ਸਾਡੀਆਂ ਰਹਿਤਾਂ, ਪੰਜ ਵੱਡੀਆਂ ਕੁਰਹਿਤਾਂ, ਪੰਜੇ ਗੁਰਸਿਖੀ ਦੇ ਚਿੰਨ੍ਹ ਤੇ ਪੀਰ।
3. ਪੰਜ ਸਾਡੇ ਜਿਗਰੀ ਮਿੱਤਰ, ਪੰਜ ਸਾਡੇ ਆਤਮਿਕ ਦੁਸ਼ਮਣ, ਪੰਜਾਂ ਨੂੰ ਹੈ ਪੰਥ ਅਖਤਿਆਰ।
4. ਬਸਤਰ ਸਾਡੇ ਮੀਰੀ-ਪੀਰੀ, ਜੋੜੇ ਸਾਡੇ ਗਦਾ ਗਰੀਬੀ, ਅਰਦਾਸ ਹੈ ਸਾਡੀ ਮੁਖ ਹਥਿਆਰ।
5. ਤੀਰਥ ਸਾਡਾ ਅੰਮ੍ਰਿਤ ਵੇਲਾ, ਕਚਹਿਰੀ ਸਾਡੀ ਅਕਾਲ ਤਖਤ ਹੈ, ਸਕੂਲ ਹੈ ਸਾਡਾ ਗੁਰੂ ਦਰਬਾਰ
6. ਕਿਰਤ ਸਾਡੀ ਸੱਚੀ ਸੁੱਚੀ, ਨੇਤਰ ਸਾਡੇ ਗੁਰਬਾਣੀ ਹੈ, ਅੰਜਨ ਇਹਨਾਂ ਦਾ ਸ਼ਬਦ ਵਿਚਾਰ।
7. ਭੋਜਨ ਸਾਡਾ ਨਿੱਤਨੇਮ ਹੈ, ਨਸ਼ਾ ਸਾਡਾ ਨਾਮੁ ਰੰਗ ਹੈ, ਵਿਹਾਰ ਹੈ ਸਾਡਾ ਸਾਂਝਾ ਪਿਆਰ।
8. ਇਹ ਮਾਇਆ ਹੈ ਸਾਡੀ ਦਾਸੀ, ਕਰਜਾ ਸਾਡੇ ਤੇ ਦਸਵੰਧ ਗੁਰੂ ਦਾ, ਧਨ ਹੈ ਸਾਡਾ ਨਾਮੁ ਭੰਡਾਰ।
9. ਹੱਤਿਆ ਸਾਨੂੰ ਨਾਮੁ ਨਾ ਜਪਣਾ, ਫਰਜ਼ ਗਊ ਗਰੀਬ ਦੀ ਰੱਖਿਆ, ਸਿਧਾਂਤ ਹੈ ਸਾਡਾ ਆਸਾ ਦੀ ਵਾਰ।
10. ਸੰਗਤ-ਪੰਗਤ, ਸਭ ਲਈ ਇਕੋ, ਹੁਕਮ ਸਾਨੂੰ ਅਟੱਲ ਪੰਜਾਂ ਦਾ ਹੈ, ਇਹ ਹੈ ਸਾਡੀ ਵਿਧਾਨ ਦੀ ਕਾਰ।

| ਚਿੰਨ੍ਹ | ਰਹਿਤਾਂ | ਕੁਰਹਿਤਾਂ | ਮਿੱਤਰ | ਦੁਸ਼ਮਣ |
|---|---|---|---|---|
| 1.ਕੇਸਕੀ | 1.ਇਕੋ ਖੁਦਾ ਸਭ ਦਾ | 1.ਹੁਕਾ, ਤੰਬਾਕੂ ਨਸ਼ੇ | 1.ਤਿਆਗ | 1.ਕਾਮ |
| 2.ਕੰਘਾ | 2.ਮੜੀ ਮਸਾਣੀ ਨਾ ਪੁਜਣਾ | 2.ਹਜਾਮਤ | 2.ਦਇਆ | 2.ਕਰੋਧ |
| 3.ਕੜਾ | 3.ਸੱਚੇ ਸ਼ਹਿਨਸ਼ਾਹ ਅੱਗੇ ਹੀ ਝੁਕਣਾ | 3.ਪਰ ਤ੍ਰਿਆਪਰ ਪੁਰਸ਼ ਗਮਨ | 3.ਧਰਮ | 3.ਲੋਭ |
| 4.ਕ੍ਰਿਪਾਨ | 4.ਅੰਮ੍ਰਿਤ ਵੇਲੇ ਦੀ ਸੰਭਾਲ | 4.ਕੁੱਠਾ ਖਾਣਾ | 4.ਸੀਲ | 4.ਮੋਹੁ |
| 5.ਕਛਹਿਰਾ | 5.ਸਾਬਤ ਸੂਰਤ ਵਿਦਿਆਰਥੀ ਰਹਿਣਾ | 5.ਕੂੜ | 5.ਸੰਤੋਖ | 5.ਹੰਕਾਰ |



www.AKJ.Org

# 'ਖਾਲਸੇ ਦੀ ਸਾਜਨਾ'

(ਸੰਤਾ ਸਿੰਘ ਆਜਿਜ਼)

ਸਾਜਿਆ ਗੁਰ ਦਸਮੇਸ਼ ਪਿਤਾ ਨੇ, ਖਾਲਸਾ ਪੰਥ ਨਿਰਾਲਾ।
ਬਖਸ਼ੀ ਖਾਲਸੇ ਨੂੰ ਸਰਦਾਰੀ ਨਾ ਕੋਈ ਅਦਨਾ ਆਹਲਾ
ਖਾਲਸੇ ਵਿਚ ਨਹੀਂ ਸੀ ਕੋਈ, ਜ਼ਾਤ ਪਾਤ ਦਾ ਪਾੜਾ।
ਸਭ ਉਤਮ ਤੇ ਨੇਕ ਪੁਰਸ਼ ਹਨ, ਕੋਈ ਨਾ ਦੀਸੇ ਮਾੜਾ।
ਖੰਡੇ ਬਾਟੇ ਦੇ ਅੰਮ੍ਰਿਤ ਨੇ ਚਾਰੇ ਵਰਨ ਮਿਲਾਏ।
ਧੁਰ ਕੀ ਆਈ ਗੁਰਬਾਣੀ ਨੇ ਸਭੋ ਫਰਕ ਮਿਟਾਏ।
ਸਤਿਸੰਗ ਦੇ ਵਿਚ ਜੁੱੜਦੀ ਸੰਗਤ, ਲੰਗਰ ਦੇ ਵਿਚ ਪੰਗਤ।
ਹਰ ਮੁਖੜੇ ਦੀ ਲਾਲੀ ਦੇ ਵਿਚ, ਦਿਸੇ ਨਾਮ ਦੀ ਰੰਗਤ।
ਸੁੱਚੀ ਕਿਰਤ ਕਮਾਈ ਦੇ ਵਿਚ ਰੰਗੀ ਹੈ ਜੀਵਨ ਜੁਗਤੀ।
ਸੇਵਾ ਸਿਮਰਨ ਕਰਕੇ ਲੱਭਦੀ, ਜਨਮ ਮਰਨ ਤੋਂ ਮੁਕਤੀ।
ਪੂਰ ਦਿਤੀਆਂ ਸੱਚੇ ਸਾਹਿਬਾਂ, ਤੇਰ ਮੇਰ ਦੀਆਂ ਖਾਈਆਂ।
ਸਭੇ ਬੇਟੇ ਦਸਮ ਪਿਤਾ ਦੇ, ਸਾਹਿਬ ਕੌਰ ਦੀਆਂ ਜਾਈਆਂ।
ਸੱਦ ਅਫ਼ਸੋਸ ਖਾਲਸਈ ਸਫ ਵਿਚ ਪੈ ਗਏ ਨੇ ਕਈ ਪਾੜੇ।
ਢਾਹ ਲਾਵਣ ਪੰਥਕ ਏਕੇ ਨੂੰ, ਦੂਈ ਦਵੈਖ ਦੇ ਸਾੜੇ।
ਪੜਦੇ ਸੁਣਦੇ ਨੇ ਬੇਸ਼ਕ, ਪਰ ਅਮਲਾਂ ਵਲੋਂ ਕੋਰੇ।
ਸਿਖ ਸਿਧਾਂਤਾ ਤੋਂ ਗਾਫਲ ਤੇ ਰਹਿਤਾਂ ਤੋਂ ਕਮਜ਼ੋਰੇ।
ਪੰਥਕ ਸਫ ਵਿਚ ਪਤਤਿ ਪੁਣੇ ਦੀ ਵੱਧਦੀ ਜਾਏ ਬੀਮਾਰੀ।
ਭੰਗ, ਅਫੀਮ, ਸ਼ਰਾਬ ਤਮਾਕੂ, ਨਸ਼ਿਆਂ ਨੇ ਮਤਿ ਮਾਰੀ।
ਭੇਖੀ ਸਾਧਾਂ ਪੀਰ ਫਕੀਰਾਂ ਸੱਚ ਤੇ ਪਰਦਾ ਪਾਇਆ।
ਦੰਭੀ ਡੇਰਿਆਂ ਅਤੇ ਮੁਜ਼ਾਰਾਂ ਸਿਖਾਂ ਨੂੰ ਭਰਮਾਇਆ।
ਦਿਉ ਹਿਲੂਣਾ ਪਹਿਰੇਦਾਰੋ, ਸੁਤੜੇ ਸ਼ੇਰ ਜਗਾਉ।
ਰੋਕੋ ਪਤਤਿ ਪੁਣੇ ਦਾ ਹਾਲਾ, ਨਸ਼ਿਆ ਨੂੰ ਠੱਲ੍ਹ ਪਾਉ।
ਖੂਨ ਪਸੀਨਾਂ ਚੋ ਕੇ ਸਿੰਜੋ ਗੁਰਮਤਿ ਦੀ ਫੁਲਵਾੜੀ।
ਹਰੇ ਰਹਿਣ ਸਿਖੀ ਦੇ ਬੂਟੇ, ਫਲੇ ਫੁੱਲੇ ਗੁਰ ਵਾੜੀ।
ਉਠੋ ਕੌਮ ਦਰਦੀਓ ਡੱਟ ਕੇ, ਹਰ ਪਾਖੰਡ ਮਿਟਾਉ।
ਮਨਮਤਿ ਦਾ ਅੰਧੇਰ ਮਿਟਾ ਗੁਰਮਤ ਪ੍ਰਕਾਸ਼ ਫੈਲਾਉ।

— — — — —

*"ਪਹਿਲਾਂ ਤਾਂ ਅੰਮ੍ਰਿਤ ਅਭਿਲਾਖੀ ਹੀ ਅੰਮ੍ਰਿਤ ਦੇ ਵਾਪਾਰੀ ਨਹੀਂ ਹੁੰਦੇ, ਜੇ ਕੋਈ ਹੋਵੇ ਵੀ ਤਾਂ ਉਸ ਦੀ ਸ਼ਰਧਾਂ ਨੂੰ ਭਾਵੇਂ ਫਲ ਲਗ ਪਏ...... ਅੰਮ੍ਰਿਤ ਅਭਿਲਾਖੀ, ਮੁਖੋਂ ਪ੍ਰੇਮ ਵਸ ਹੋਣ ਦੀਆਂ ਚਿਕਣੀਆਂ ਚੋਪੜੀਆਂ ਗੱਲਾਂ ਮੌਕੇ ਸਿਰ ਫਲਾਸਫੀ ਦੁਆਰਾ ਘੜ-ਘੜ ਉੱਤਰ ਦੇਈ ਜਾਂਦੇ ਹਨ ਅਤੇ ਗੁਰੂ ਪੰਥ ਦੇ ਗਿਆਨੀ ਉਪਦੇਸ਼ਕ ਮਾਇਆ ਵਸ ਹੋ ਕੇ ਜਾਂ ਨਾਮਵਰੀ, ਸਾਬਾਸ਼ ਖੱਟਣ ਵਾਸਤੇ ਜਿੰਨੇ ਅੰਮ੍ਰਿਤ ਛਕਣ ਵਾਲੇ ਤਿਆਰ ਹੋ ਖੜਨ ਅੰਮ੍ਰਿਤ ਛਕਾ ਦਿੰਦੇ ਹਨ। ਗੁਰੂ ਸਾਹਿਬਾਨ ਨੇ ਤਾਂ ਅੰਮ੍ਰਿਤ ਪਰਖ ਕੇ ਅਤੇ ਸੀਸ ਤਲੀ ਉੱਤੇ ਧਰ ਕੇ ਆਉਣ ਵਾਲਿਆਂ ਨੂੰ ਹੀ ਛਕਾਇਆ ਸੀ।"*

(ਭਾ: ਸਾ: ਭਾ: ਰਣਧੀਰ ਸਿੰਘ ਜੀ )



www.AKJ.Org

# ਦਸਮ-ਦੁਆਰ-੨

(ਸੂਬੇਦਾਰ ਧਰਮ ਸਿੰਘ ਸੁੱਜੋਂ)

ਹਿੱਸਾ ਦੂਜਾ

ਦਸਵੈ ਦੁਆਰਿ ਕੁੰਜੀ ਜਬ ਦੀਜੈ॥ ਤਉ ਦਇਆਲ ਕਉ ਦਰਸਨੁ ਕੀਜੈ॥ (੩੪੧)

ਕਬੀਰ ਜੀ ਦੇ ਇਸ ਮਹਾਂ ਵਾਕ ਤੋਂ ਢਾਂਰਸ ਬੱਝਦੀ ਹੈ ਕਿ ਜਿਸ ਦਸਵੈ ਦੁਆਰ ਦੇ ਨਾ ਖੁਲਣ ਦੀਆਂ ਗਲਾਂ ਕਰਕੇ ਅਸੀਂ ਨਿਰਾਸ਼ ਹੋ ਬੈਠੇ ਸੀ ਅਤੇ ਸ਼ਕ ਵਿਚ ਭੀ ਪੈ ਗਏ ਸੀ, ਜਿਵੇਂ ਕਿ ਕਈ ਅਣਜਾਣ ਵੀਰ ਦਸਵੇਂ ਦੁਆਰ ਦੀ ਖੇਡ ਨੂੰ ਇਕ ਅਫਸਾਨਾ ਹੀ ਦਸਦੇ ਹਨ, ਕਿ ਸ਼ਾਇਦ ਦਸਵੇਂ ਦੁਆਰ ਦੀ ਕੋਈ ਹਕੀਕਤ (Reality) ਨਾ ਹੋਵੇ। ਇਸ ਮਹਾਂ ਵਾਕ ਤੋਂ ਸਿਧ ਹੁੰਦਾ ਹੈ ਕਿ (1) ਦਸਵਾਂ ਦੁਆਰ ਇਕ ਹਕੀਕਤ ਹੈ। (3)ਦਸਵਾਂ ਦੁਆਰ ਖੁਲਦਾ ਭੀ ਜ਼ਰੂਰ ਹੈ। (3) ਪਰ ਇਸ ਨੂੰ ਖੋਹਲਣ ਦੀ ਕੋਈ ਖਾਸ ਕੁੰਜੀ ਹੈ।

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀਂ ਗੁਰ ਪੂਰੈ ਭਾਗਿ ਮਿਲਾਵਣਿਆ ॥ (੧੨੪) ਇਹ ਕੁੰਜੀ ਸਤਿਗੁਰੂ ਦੇ ਹੱਥ ਹੈ। ਇਸ ਖਾਸ ਕੁੰਜੀ ਤੋਂ ਬਗੈਰ ਦਸਵਾਂ ਦੁਆਰ ਖੁਲਦਾ ਨਹੀਂ। ਸਤਿਗੁਰੂ ਦਾ ਮਿਲਾਪ ਪੂਰੇ ਭਾਗਾਂ ਕਰਕੇ ਹੁੰਦਾ ਹੈ।

ਬਜਰ ਕਪਾਟ ਨ ਖੁਲਨੀ ਗੁਰ ਸ਼ਬਦ ਖੁਲੀਜੈ ॥ (੯੫੪)

ਦਸਵੇਂ ਦੁਆਰ ਦਾ ਪੱਥਰ ਵਰਗਾ ਮਜ਼ਬੂਤ ਦਰਵਾਜ਼ਾ, ਬੱਜਰ ਕਪਾਟ, ਗੁਰ ਸ਼ਬਦ ਦੀ ਕੁੰਜੀ ਲਾਇਆਂ ਹੀ ਖੁਲਦਾ ਹੈ। ਹੋਰ ਕਿਸੀਂ ਵਿਧੀ ਦੁਆਰਾ ਨਹੀਂ। ਗੁਰ ਸ਼ਬਦ ਕਿਸ ਸ਼ਬਦ ਨੂੰ ਆਖਿਆ ਹੈ?

ਵਾਹਿਗੁਰੂ ਗੁਰ ਸਬਦ ਲੈ ਪਿਰਮ ਪਿਆਲਾ ਚੁਪ ਚਬੋਲਾ ॥ (ਵਾਰ ਭਾਈ ਗੁਰਦਾਸ ਜੀ ੪/੧੭)
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ ॥ (ਵਾਰ ਭਾਈ ਗੁਰਦਾਸ ਜੀ ੧੨/੧੭)
ਵਾਹਿਗੁਰੂ ਸਬਦ, ਗੁਰ ਸਬਦ ਹੈ
ਸਤਿਗੁਰ ਨਾਨਕ ਦੇਉ ਆਪੁ ਉਪਾਇਆ ॥ (ਵਾਰ ਭਾਈ ਗੁਰਦਾਸ ਜੀ ੨੦/੧)
ਪਾਰਬ੍ਰਹਮ ਪੂਰਨ ਬ੍ਰਹਮ ਗੁਰ ਨਾਨਕ ਦੇਉ॥ (ਵਾਰ ਭਾਈ ਗੁਰਦਾਸ ਜੀ ੧੩/੨੫)

ਸਤਿਗੁਰੂ, ਗੁਰੂ ਨਾਨਕ ਦੇਉ ਜੀ ਹਨ ਜੋ ਪਾਰਬ੍ਰਹਮ ਪੂਰਨ ਬ੍ਰਹਮ ਦਾ ਆਕਾਰੀ ਰੂਪ ਹਨ। ਸਰੀਰਕ ਤੌਰ ਤੇ ਗੁਰੂ ਨਾਨਕ ਦੇਵ ਜੀ ਅਜ ਸਾਡੇ ਦਰਮਿਆਨ ਮੌਜੂਦ ਨਹੀਂ ਹਨ। ਆਪ ਜੀ ਦੀ ਜੋਤਿ ਇਸ ਵਕਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੌਜੂਦ ਹੈ। ਇਸ ਲਈ ਗੁਰ-ਸ਼ਬਦ ਦੀ ਪ੍ਰਾਪਤੀ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਬੇਨਤੀ ਕਰਨੀ ਪਵੇਗੀ। ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ, ਗੁਰੂ ਨਾਨਕ ਦੇਵ ਜੀ ਦੀ ਜੋਤਿ, ਪੰਜਾਂ ਪਿਆਰਿਆਂ ਵਿਚੋ ਵਿਚਰਦੀ ਹੋਈ, ਅੰਮ੍ਰਿਤ ਦੀ ਦਾਤ ਬਖਸ ਕੇ ਗੁਰ-ਸ਼ਬਦ ਜਾਂ, ਜਿਸ ਨੂੰ ਨਾਮ ਭੀ ਆਖਦੇ ਹਨ, ਦੀ ਬਖਸ਼ਿਸ਼ ਕਰਦੀ ਹੈ। ਅਰਧ ਉਰਧੀ ਸਾਸ ਗਰਾਸ ਨਾਮ ਅਭਿਆਸ ਦੀ ਜੁਗਤੀ ਜਾਂ ਵਿਧੀ ਦ੍ਰਿੜ ਕਰਾਉਂਦੀ ਹੈ। ਐਸੇ ਸਮੇਂ ਕਿਤੇ ਕਿਤੇ ਕਿਸੀ ਵਿਰਲੇ ਸਜਨਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਪ੍ਰਤੱਖ-ਦਰਸ਼ਨ ਭੀ ਹੋ ਜਾਂਦੇ ਹਨ। ਇਸ ਦ੍ਰਿੜਾਈ ਗਈ ਖਾਸ ਜੁਗਤੀ ਦੁਆਰਾ ਅਸੀਂ ਨਾਮ ਅਭਿਆਸ, ਸੁਆਸ ਸੁਆਸ ਕਰਨਾ ਹੁੰਦਾ ਹੈ।

ਇਸ ਖਾਸ ਜੁਗਤੀ ਦੁਆਰਾ ਵਾਹਿਗੁਰੂ ਸ਼ਬਦ ਦੇ ਉਚਾਰਨ ਕੀਤਿਆਂ ਉਪਰ ਬਿਆਨ ਹੋਈ ਮੂਲਬੰਧ ਕਿਰਿਆ, ਬਗੈਰ ਕਿਸੀ ਯਤਨ ਕੀਤਿਆਂ ਅਪਣੇ ਆਪ ਹੋ ਜਾਂਦੀ ਹੈ ਤੇ ਹੁੰਦੀ ਰਹਿੰਦੀ ਹੈ। ਸਾਨੂੰ ਮਥ ਕੇ ਕੋਈ ਖਾਸ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਇਸ ਮੂਲ ਬੰਧ ਕਿਰਿਆ ਦਾ ਜ਼ਿਕਰ ਗੁਰਬਾਣੀ ਵਿਚ ਭੀ ਮਿਲਦਾ ਹੈ।

ਮੂਲ ਦੁਆਰੈ ਬੰਧਿਆ ਬੰਧੁ॥ ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜ ਤਪੈ॥ ਮੇਰ ਡੰਡ ਸਿਰ ਊਪਰ ਬਸੈ॥
ਪਸਚਮ ਦੁਆਰੇ ਕੀ ਸਿਲਓੜ॥ ਤਿਹ ਸਿਲ ਊਪਰ ਖਿੜਕੀ ਅਉਰ॥
ਖਿੜਕੀ ਊਪਰ ਦਸਵਾ ਦੁਆਰ॥ ਕਹਿ ਕਬੀਰ ਤਾਕਾ ਅੰਤੁ ਨ ਪਾਰ ॥ (੧੧੫੯)



www.AKJ.Org

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਫੁਰਮਾਨ ਦੀ ਵਿਆਖਿਆ ਬੜੇ ਵਿਸਥਾਰ ਵਿਚ, ਪੁਸਤਕ ਅਨਹਦ-ਸ਼ਬਦ-ਦਸਮ-ਦੁਆਰ ਵਿਚ ਕੀਤੀ ਹੈ। ਸੰਖੇਪ ਵਿੱਚ ਓਹ ਲਿਖਦੇ ਹਨ ਕਿ ਨਾਮ ਅਭਿਆਸ ਵੇਲੇ, 'ਵਾਹਿਗੁਰੂ' ਸ਼ਬਦ ਦਾ ਆਖਰੀ ਹਿੱਸਾ 'ਰੂੰ' ਜ਼ਬਾਨ ਨਾਲ ਰਸ ਰੜਕ ਕੇ ਬਾਹਰ ਨਿਕਲੇ। ਭਾਈ ਸਾਹਿਬ ਨੇ ਇਸ ਦਾ ਕਾਰਨ ਤਾਂ ਕੋਈ ਬਿਆਨ ਨਹੀਂ ਕੀਤਾ ਪਰ ਜਦੋਂ ਅਸੀਂ ਇਸ ਤੇ ਅਮਲ ਕਰਦੇ ਹਾਂ ਤਾਂ ਹੁੰਦਾ ਕਿਆ ਹੈ? ਪੇਟ ਖਿਚ ਕੇ ਪਿਛੇ ਜਾ ਲਗਦਾ ਹੈ। ਨਾਭੀ ਨੀਚੇ ਤੋਂ ਸ਼ਕਤੀ ਖਿਚ ਕੇ ਉਪਰ ਵਲ ਨੂੰ ਧਕਦੀ ਹੈ ਜਾਂ ਪੰਪਿੰਗ ਸਟੇਸ਼ਨ ਦਾ ਕੰਮ ਕਰਦੀ ਹੈ। ਗੁਦਾ ਉਪਰ ਵਲ ਖਿਚੀ ਜਾ ਕੇ ਸੂਗੀੜਦੀ ਹੈ। ਇਸ ਦਾ ਰਸਤਾ ਬੰਦ ਹੋ ਜਾਂਦਾ ਹੈ। ਸ਼ਕਤੀ ਨੂੰ ਨਾਭੀ ਵਲ ਜਾਣ ਲਈ ਰਾਹ ਖੁਲਾ ਮਿਲਦਾ ਹੈ। ਅਗੋਂ ਨਾਭੀ, ਸ਼ਕਤੀ ਨੂੰ ਉਪਰ ਦਸਮ ਦੁਆਰ ਵਲ ਧੱਕ ਦਿੰਦੀ ਹੈ। ਰੂਟ ਸੈਂਟਰ ਜਾਂ ਮੂਲ ਦੁਆਰ ਤੋਂ ਲੈ ਕੇ, ਸੁਖਮਣਾ ਨਾੜੀ ਵਿਚੋਂ ਲੰਘ ਕੇ ਦਸਮ-ਦੁਆਰ ਤਕ ਪਹੁੰਚਦੀ ਹੋਈ ਸ਼ਕਤੀ, ਨਾਮ ਅਭਿਆਸੀ ਸੱਜਨਾਂ ਨੂੰ ਪਰਤੱਖ ਤੌਰ ਤੇ ਮਹਿਸੂਸ ਹੁੰਦੀ ਹੈ। ਸ਼ਕਤੀ ਦੇ ਉਪਰ ਵਲ ਪਰਵਾਹ ਨੂੰ ਸਮਝਾਇਆ ਨਹੀਂ ਜਾ ਸਕਦਾ। ਅਜ਼ਮਾਇਆ ਹੀ ਇਸ ਦੀ ਸਮਝ ਪੈਂਦੀ ਹੈ। ਇਹ ਸਾਰਾ ਕਰਿਸ਼ਮਾ 'ਰੂ' ਦੇ ਜ਼ਬਾਨ ਨਾਲ ਰਸ ਰੜਕ ਕੇ ਬਾਹਰ ਨਿਕਲਣੇ ਤੇ, ਬਗੈਰ ਕਿਸੀ ਕੋਸ਼ਿਸ਼ ਦੇ, ਜਾਣਕੀਰ ਜਾਂ ਅਣਜਾਣ, ਹਰ ਇਕ ਦੇ ਅੰਦਰ ਆਪਣੇ ਆਪ ਹੀ, ਬੇ-ਮਲੂਮੇ ਹੁੰਦਾ ਚਲਿਆ ਜਾਂਦਾ ਹੈ।

ਅੰਮ੍ਰਿਤ ਪਾਨ ਕਰਨ ਸਮੇਂ ਗੁਰੂ ਨਾਨਕ ਦੇਵ ਜੀ ਦੀ ਜੋਤਿ, ਸਾਡੇ ਅੰਦਰ ਗੁਪਤ ਹਾਲਤ ਵਿਚ ਮੌਜੂਦ, ਨਾਮ ਸ਼ਕਤੀ ਨੂੰ ਪਰਗਟ ਕਰ ਦਿੰਦੀ ਹੈ। ਹਰਕਤ ਵਿਚ ਲਿਆ ਕੇ Vibrate ਕਰ ਦਿੰਦੀ ਹੈ।

ਹਉ ਬਲਿਹਾਰੀ ਸਤਿਗੁਰ ਅਪਨੇ ਜਿਨ ਗੁਪਤੁ ਨਾਮੁ ਪਰਗਾਝਾ॥ (੬੯੭)

ਜਾਂ ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰ ਦੀਆ ਦਿਖਾਈ ॥ (੪੮੫)

ਅਗੋਂ ਜਦੋਂ ਅਸੀਂ ਵਿਧੀ ਪੂਰਬਕ ਨਾਮ ਅਭਿਆਸ ਕਰਦੇ ਹਾਂ ਤਾਂ ਅੰਦਰ, ਪਰਗਟ ਹੋਈ ਨਾਮ ਦੀ ਸ਼ਕਤੀ ਨਾਲ ਜਦੋਂ ਸਾਡਾ ਮਿਲਾਪ ਹੋ ਜਾਂਦਾ ਹੈ ਤਾਂ ਨਾਮ ਅਭਿਆਸ ਦਾ ਤੋਰਾ ਐਸਾ ਤੁਰਦਾ ਹੈ ਕਿ ਅਪਣੇ ਆਪ ਨਿਯਤਨ ਹੀ, ਤੁਰਦੇ ਫਿਰਦੇ, ਸੌਂਦੇ, ਜਾਗਦੇ ਨਾਮ ਅਭਿਆਸ ਜਾਰੀ ਰਹਿੰਦਾ ਹੈ। ਕਦੇ ਠਲਦਾ ਨਹੀਂ। ਇਸ ਨੂੰ ਗੁਰਬਾਣੀ ਅੰਦਰ 'ਅਜਪਾ ਜਾਪ' ਆਖਿਆ ਗਿਆ ਹੈ। ਪਿਛੇ ਜ਼ਿਕਰ ਆਇਆ ਸੀ ਕਿ ਮੂਲ-ਬੰਧ ਕਿਰਿਆ, ਸੌਣ ਵੇਲੇ ਬੰਦ ਹੋ ਜਾਂਦੀ ਹੈ। ਇਸ ਕਰਕੇ ਦਸਮ ਦੁਆਰ ਨਹੀਂ ਖੁਲਦਾ। ਹੁਣ ਜਦੋਂ 'ਵਾਹਿਗੁਰੂ' ਸਬਦ ਵਿਧੀ ਪੂਰਵਕ ਉਚਾਰਦੇ ਹਾਂ, ਮੂਲ-ਬੰਧ ਕਿਰਿਆ ਜਾਰੀ ਰਹਿੰਦਾ ਹੈ। ਚੂੰਕਿ ਅਜਪਾ ਜਾਪ ਦੀ ਅਵਸੱਥਾ ਵਿਚ ਨਾਮ ਅਭਿਆਸ ਸਵਾਸ ਸਵਾਸ, ਸੌਂਦੇ ਜਾਗਦੇ ਹਰ ਵਕਤ ਜਾਰੀ ਰੈਹੰਦਾ ਹੈ। ਸ਼ਕਤੀ ਦਾ ਬਹਾਓ (Flow) ਲਗਾਤਾਰ ਉਪਰ ਖੁਲ ਜਾਂਦਾ ਹੈ ''ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥(੪੫੬) ਰਾਮ ਪਿਆਰੇ ਜਾਂ ਅਕਾਲ-ਪੁਰਖ ਦੀ ਜੋਤਿ ਪਰਗਟ ਹੋ ਜਾਂਦੀ ਹੈ। ਜੀਵ-ਆਤਮਾ ਦੀ ਜੋਤਿ ਅਤੇ ਪਰਮ-ਆਤਮਾ ਦੀ ਜੋਤਿ ਦਾ ਆਪੋ ਵਿਚ ਮਿਲਾਪ ਹੋ ਕੇ ਦੋਨੋ ਜੋਤਾਂ ਆਪੋ ਵਿਚ ਘੁਲ ਮਿਲ ਘਿਚ ਹੋ ਜਾਂਦੀਆਂ ਹਨ। ਜ਼ਿੰਦਗੀ ਦਾ ਨਿਸ਼ਾਨਾ 'ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ ॥ (੧੪੨੬) ਪੂਰਾ ਹੋ ਜਾਂਦਾ ਹੈ। ''ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ'' ॥ (੮੬੪)

ਦਸਮ-ਦੁਆਰ ਦੀ ਹੋਂਦ ਹਕੀਕਤ ਦੀ ਪੁਸ਼ਟੀ ਲਈ ਕੁਝ ਗੁਰਬਾਣੀ ਦੇ ਫੁਰਮਾਨ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ ਅਨਹਦ-ਸ਼ਬਦ-ਦਸਮ-ਦੁਆਰ ਵਿੱਚੋਂ ਕੁਝ ਟੂਕਾਂ ਪੇਸ਼ ਕੀਤੀਆਂ ਜਾਂਦੀਆਂ ਹਨ।

ਅਦ੍ਰਿਸ਼ਟ ਅਗੋਚਰ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ॥
ਅਨਹਦ ਸ਼ਬਦ ਦਸਮ ਦੁਆਰ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥(੧੦੦੨)
ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖ ਅਲੇਖੁ ਅਪਾਰੀ ਆਪੇ ਅਲਖ ਲਖਾਇਦਾ ॥ (੧੦੩੩/੩੪)
ਦਸਮ ਦੁਆਰਾ ਅਗਮ ਅਪਾਰਾ ਪਰ ਪੁਰਖ ਕੀ ਘਾਟੀ ॥
ਉਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥(ਪੰਨਾ ੬੭੪)


www.AKJ.Org

ਨਗਰੀ ਏਕੈ ਨਉ ਦਰਵਾਜੇ ਧਾਵਤੁ ਵਰਜਿ ਰਹਾਈ ॥

ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ ॥ (ਪੰਨਾ ੧੧੨੩-੨੪)

ਅੱਗੇ ਭਾਈ ਸਾਹਿਬ ਦੀ ਪੁਸਤਕ ਵਿਚੋਂ

- - -ਰਿਦੰਤਰੋਂ ਹੀ ਪਸਰਾਉ ਹੋ ਕੇ ਦਿਬ ਦ੍ਰਿਸ਼ਟੇ ਨੇਤਰਾਂ ਨੂੰ ਸਾਰੀ ਕੁਦਰਤ ਅੰਦਰਿ, ਸਾਰੇ ਖੰਡਾਂ ਬ੍ਰਹਮੰਡਾਂ ਅੰਦਰ ਹੀ ਜੋਤੀ ਸਰੂਪ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਅਤੇ (ਹਿਰਦੇ) ਅੰਤਿਰ ਭੀ ਅਤੇ ਨਭ (ਦਸਮ ਦੁਆਰ) ਅੰਤਰਿ ਭੀ ਜੋਤੀ ਸਰੂਪ ਦਾ ਇਕੋ ਜੋਤਿ ਪਸਾਰਾ ਪਸਰਜਤ ਰਹਿੰਦਾ ਹੈ।

- - - ਸਰੀਰ ਰੂਪੀ ਹਾਟ (ਹਟੜੀ) ਦੇ ਉਪਰ ਸਿਖਰ ਦਸਮ ਦੁਆਰ ਰੂਪੀ ਬੱਜਰ ਕਪਾਟੀ ਗੁਫਾ ਹੁਜਰਾ ਹੈ।

- - -ਨਾਭੀ ਦੇ ਅੰਦਰੋਂ ਸੁਰਤਿ ਸ਼ਬਦ ਦੇ ਜੋਤਿ ਰਤੰਨੇ ਵੇਗ ਨਾਲ ਨਾਭ ਕੰਵਲ ਨੂੰ ਉਲਟਾਇ ਕੇ ਸੁਖੈਨ ਹੀ ਦਸਮ ਦੁਆਰ ਓਹ ਸਿਧੀ ਹੀ ਜਾ ਪਰਵਾਜ਼ ਕਰਦੀ ਹੈ।

- - - ਦੇਹੀ ਰੂਪ ਕੋਠੜੇ ਅੰਦਰ ਦਸਮ ਦੁਆਰ ਰੂਪੀ ਪਰਮ ਕੋਠੜੀ, ਖਟ ਚੱਕਰੀ ਦਮ ਬੰਧਨੀ ਕੰਧਾਂ ਅੰਦਰ ਬੰਦ ਕੀਤੀ ਹੋਈ ਹੈ।

- - - ਸੁਰਤੀ ਬਿਰਤੀ ਨੂੰ ਲਿਵਤਾਰ ਜੋੜ ਕੇ ਪਾਣਾ-ਜਾਪ ਮਈ ਗੁਰਮੱਤਿ ਨਾਮ ਅਭਿਆਸ ਕਮਾਈ ਵਿਖੇ ਲੀਨ ਰਖਿਆਂ ਦਸਮ ਦੁਆਰੇ ਨੂੰ ਕੁੰਜੀ ਲਗ ਜਾਂਦੀ ਹੈ।

- - - ਰਸ ਗੀਧਾ ਹੋ ਕੇ ਤੇ ਪ੍ਰਾਣ-ਬੀਧਾ ਹੋ ਕੇ ਮਨ ਤਾਂ ਨਾਭੀ ਅੰਦਰ ਹੀ ਇਕੱਠਾ ਹੋਇਆ ਰਹਿੰਦਾ ਹੈ ਅਤੇ ਸੁਰਤੀ ਦਸਮ ਦੁਆਰ ਨੂੰ ਜਾਇ ਗਮਨ ਕਰਦੀ ਹੈ।

ਪਰਮਾਣ ਤਾਂ ਹੋਰ ਭੀ ਕਾਫੀ ਦਿਤੇ ਜਾ ਸਕਦੇ ਹਨ ਪਰ ਲੇਖ ਦੇ ਵਿਸਥਾਰ ਦੇ ਡਰ ਕਾਰਨ ਹੋਰ ਪਰਮਾਣ ਦੇਣ ਤੋਂ ਸੰਕੋਚ ਕੀਤਾ ਜਾਂਦਾ ਹੈ।

ਇਸ ਲੇਖ ਨੂੰ ਪੜ੍ਹ ਕੇ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਨਾਮ ਅਭਿਆਸ ਕਮਾਈ ਲਗਾਤਾਰ ਸਾਸ ਸਾਸ ਐਥੋਂ ਤਕ ਕਿ ਸੁਤਿਆਂ ਪਿਆਂ ਭੀ ਜਾਰੀ ਰਹੇ ਤਾਂ ਜਾ ਕੇ ਦਸਮ-ਦੁਆਰ ਖੁਲਦਾ ਹੈ ਤੇ ਰਾਮ ਪਿਆਰੇ ਜਾਂ ਅਕਾਲ ਪੁਰਖ ਦੀ ਜੋਤਿ ਦੇ ਦਰਸ਼ਨ ਹੁੰਦੇ ਹਨ। ਸੁਤਿਆਂ ਪਿਆਂ ਅਭਿਆਸ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਅੰਦਰੋਂ ਗੁਪਤ ਨਾਮ ਨੂੰ ਪਰਗਟ (vibrte) ਨਾਂ ਕੀਤਾ ਜਾਏ। ਇਹ ਕੰਮ ਸਿਰਫ ਸਤਿਗੁਰੂ ਜੀ ਹੀ ਕਰ ਸਕਦੇ ਹਨ। ਸਤਿਗੁਰੂ ਦੀ ਪਦਵੀ, ਧੁਰ ਦਰਗਾਹ ਤੋਂ ਸਿਰਫ ਗੁਰੂ ਨਾਨਕ ਦੇਵ ਜੀ ਨੂੰ ਪਰਾਪਤ ਹੈ। ਹੋਰ ਕੋਈ ਭੀ ਵੱਡੇ ਤੋਂ ਵੱਡਾ ਵਲੀ, ਔਲੀਆ, ਦੇਵੀ ਦੇਵਤਾ, ਪੀਰ ਪੈਗੰਬਰ ਨਾਮ ਨੂੰ ਗੁਪਤੋਂ ਪਗਰਟ ਕਰਨੇ ਦੀ ਸਮਰੱਥਾ ਨਹੀਂ ਰਖਦਾ। ਗੁਰੂ ਨਾਨਕ ਦੇਵ ਜੀ ਸਰੀਰਕ ਤੌਰ ਤੇ ਹੁਣ ਸਾਡੇ ਵਿਚ ਮੌਜੂਦ ਨਹੀਂ। ਉਨ੍ਹਾਂ ਦੀ ਗੁਰਬਾਣੀ ਵਿਚ ਮੌਜੂਦ ਜੋਤਿ ਪੰਜਾਂ ਪਿਆਰਿਆਂ ਵਿਚ ਦੂੰ ਵਿਚਰਦੀ ਹੋਈ ਅੰਮ੍ਰਿਤ ਦਾਤ ਬਖ਼ਸ਼, ਇਹ ਕਾਰਜ ਪੂਰਾ ਕਰਦੀ ਹੈ। ਇਸ ਅੰਮ੍ਰਿਤ ਦੀ ਦਾਤ ਤੋਂ ਬਗੈਰ ਗੁਪਤ ਨਾਮ ਪਗਟ ਨਹੀਂ ਹੁੰਦਾ, ਦਸਮ ਦੁਆਰ ਖੁਲਦਾ ਨਹੀਂ ਤੇ ਪਰਮ-ਆਤਮ ਦੇ ਦਰਸ਼ਨ ਨਹੀਂ ਹੁੰਦੇ। ਇਸ ਲਈ *ਅੰਮ੍ਰਿਤ ਪਾਨ ਕਰਨਾ ਇਕ ਸਾਧਾਰਨ ਰਸਮ ਨਹੀਂ। ਦਸਮ ਦੁਆਰ ਦੇ ਖੁਲਣ ਲਈ ਅਤੇ ਪਰਮ ਆਤਮਾ ਦੇ ਮਿਲਾਪ ਲਈ, ਅੰਮ੍ਰਿਤ ਇਕ ਬੁਨਿਆਦੀ ਜ਼ਰੂਰਤ ਹੈ।*

ਚੂੰਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੀ ਨੂੰ ਅੰਮ੍ਰਿਤ ਦੀ ਦਾਤਿ ਪਰਾਪਤ ਨਹੀਂ ਹੋਈ, ਇਸ ਲਈ ਕਿਸੀ ਦਾ ਭੀ ਉਤਾਰ ਨਿਸਤਾਰਾ ਜਾਂ ਕਲਿਆਨ ਨਾ ਹੋਇਆ। ਹੁਣ ਭੀ ਅੰਮ੍ਰਿਤ ਪਾਨ ਕਰਨੇ ਲਈ ਜੋ ਭੀ ਪੰਜ ਪਿਆਰਿਆਂ ਦੀ ਸੇਵਾ ਵਿਚ ਹਾਜ਼ਰ ਹੋ. ਕੇ ਅੰਮ੍ਰਿਤ ਪਰਾਪਤ ਕਰਦੇ ਹਨ ਓਹ ਪਿਛਲੇ ਜਨਮ ਜਨਮਾਤਰਾਂ ਦੇ ਵਲੀ ਔਲੀਆ, ਦੇਵੀ ਦੇਵਤੇ, ਪੀਰ ਪੈਗੰਬਰ ਰਿਸ਼ੀ ਮੁਨੀ ਜਾਂ ਤਪੱਸਵੀ ਲੋਕ ਹੀ ਹੁੰਦੇ ਹਨ।

ਨਾਮ ਦੀ ਪਰਾਪਤੀ ਅਤੇ ਸਾਸ ਸਾਸ ਲਗਾਤਾਰ ਕਮਾਈ ਤੋਂ ਬਗੈਰ ਅਕਾਲ ਪੁਰਖ ਦਾ ਮਿਲਾਪ ਨਹੀਂ ਹੁੰਦਾ ਇਸੀ ਕਰਕੇ ਹੀ ਗੁਰੂ ਨਾਨਕ ਦੇਵ ਜੀ ਨੇ ਬਾ-ਆਵਾਜ਼-ਬੁਲੰਦ ਪੁਕਾਰਿਆ ਹੈ ਕਿ

ਨਾਨਕ ਬਿਨੁ ਨਾਵੈ ਜੋਗ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੈ।। (ਪੰਨਾ ੯੪੬)

ਜੋਗ-ਜੀਵ-ਆਤਮਾ ਅਤੇ ਪਰਮ-ਆਤਮਾ ਦਾ ਮਿਲਾਪ।



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਮਾਰਚ ੯੯)

## ੧੯- ਤ੍ਰੈਗੁਣੀ ਤ੍ਰਿਬਿਧਿ ਕਰਮ

ਮਾਇਆ ਮੋਹੁ ਜਗਤ ਸਬਾਇਆ॥ ਤ੍ਰੈਗੁਣ ਦੀਸਹਿ ਮੋਹੇ ਮਾਇਆ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ
ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
(੮॥੧॥੩੨) (ਮਾਝ ਮ:੩, ਪੰਨਾ ੧੨੯)

ਵਿਆਖਿਆ– ਸਾਰਾ ਜਗਤ ਮਾਇਆ-ਮੋਹ ਦਾ ਹੀ ਗ੍ਰਸਿਆ ਹੋਇਆ ਹੈ। ਜਗਤ ਸਬਾਏ ਨੂੰ ਮਾਇਆ ਮੋਹੁ ਹੀ ਵਿਆਪਿ ਰਹਿਆ ਹੈ। ਮਾਇਆ ਮੋਹ ਦੇ ਗ੍ਰਸੇ ਹੋਏ ਸਾਰੇ ਸੰਸਾਰੀ ਜੀਵ ਤ੍ਰੈਗੁਣੀ ਕਰਮ ਹੀ ਕਮਾਉਂਦੇ ਹਨ। ਤਿੰਨੇ ਗੁਣ ਅਤੇ ਤਿੰਨਾਂ ਗੁਣਾਂ ਵਿਚਿ ਕਰਮ ਕਰਨਹਾਰੇ ਸਾਰੇ ਮਾਇਆ ਦੇ ਮੋਹੇ ਹੋਏ ਹੀ ਦਿਸਦੇ ਹਨ। ਤਿੰਨਾਂ ਗੁਣਾਂ ਵਿਚਿ ਵਰਤਣ ਵਾਲੇ ਸੰਸਾਰੀ ਜੀਵ ਸਾਰੇ ਹੀ ਮਾਇਆ ਦੇ ਠੱਗੇ ਹੋਏ ਦਿਸਦੇ ਹਨ। ਰਜ, ਸਤ, ਤਮ ਇਹ ਤਿੰਨ ਗੁਣ ਹਨ। ਮਾਨੁਖ ਮਾਤਰ ਆਮ ਤੌਰ ਦੇ ਇਹਨਾਂ ਤਿੰਨਾਂ ਗੁਣਾਂ ਵਿਚਿ ਗ੍ਰਸਤ ਹੈ। ਜਦੋਂ ਮਾਨੁਖ ਅੰਦਰਿ ਸੰਸਾਰੀ ਵਾਸ਼ਨਾਵਾਂ ਪ੍ਰਬਲ ਹੁੰਦੀਆਂ ਹਨ ਅਤੇ ਉਹਨਾਂ ਦੀ ਪ੍ਰਾਪੰਤੀ ਲਈ ਨਾਨਾ ਪ੍ਰਕਾਰੀ ਕਰਮ ਕਰਦਾ ਹੈ, ਤਦੋਂ ਉਸਦੇ ਉਕਤ ਕਰਮ ਰਜੋ ਗੁਣੀ ਕਰਮ ਕਹਾਉਂਦੇ ਹਨ, ਕਿਉਂਕਿ ਉਸ ਵੇਲੇ ਕਰਮ ਕਰਨਹਾਰੇ ਦੇ ਅੰਦਰਿ ਰਜ ਗੁਣ ਜ਼ੋਰਾਂ ਤੇ ਹੁੰਦਾ ਹੈ। ਜਦੋਂ ਮਾਨੁਖ ਈਰਖਾ ਦ੍ਵੈਖ ਮਈ ਕ੍ਰੋਧ ਦਾ ਮਾਰਿਆ ਹੋਇਆ ਕਰਮ ਕਮਾਉਂਦਾ ਹੈ ਤਾਂ ਉਕਤ ਕਰਮ ਤਮੋ ਗੁਣੀ ਕਰਮ ਕਹਾਉਂਦੇ ਹਨ ਅਤੇ ਇਸ ਤਮੋ ਗੁਣ ਦੀ ਦਸ਼ਾ ਵਿਚਿ ਕਰਮ ਕਰਨਹਾਰਾ ਪੁਰਸ਼ ਤਮੋ ਗੁਣ ਦੇ ਅੰਧੇਰੇ ਵਿਚਿ ਕੰਮ ਕਰਦਾ ਹੈ। ਅਤੇ ਉਸਦੀ ਇਹ ਦਸ਼ਾ ਭੀ ਤਮੋ ਗੁਣ ਵਾਲੀ ਹੁੰਦੀ ਹੈ। ਦੁਨਿਆਵੀ ਕਹਿਣੀ ਅਨੁਸਾਰ ਸਤਿ, ਸੰਤੋਖ ਅਤੇ ਸਾਂਤ ਵਾਲੀ ਦਸ਼ਾ ਨੂੰ ਅਤੇ ਕਹਿਣ ਮਾਤਰ ਨਿਆਉਂ ਗਿਆਨ ਗ੍ਰਹਿਣ ਕਰਨ ਵਾਲੀ ਦਸ਼ਾ ਨੂੰ ਸਤੋ ਗੁਣੀ ਦਸ਼ਾ ਬਿਆਨ ਕੀਤਾ ਜਾਂਦਾ ਹੈ। ਇਹ ਤਿੰਨੇ ਗੁਣ ਦ੍ਰਿਸ਼ਟਮਾਨ ਸੰਸਾਰ ਵਿਚਿ ਵਰਤਦੇ ਹਨ ਅਤੇ ਦ੍ਰਿਸ਼ਟਮਾਨ ਨੂੰ ਮੁਖ ਰਖ ਕੇ ਇਹਨਾਂ ਤੇਹਾਂ ਗੁਣਾਂ ਵਿਚਿ ਕੰਮ ਕਰਨਹਾਰੇ ਤ੍ਰੈਗੁਣੀ ਕਰਮਾਂ ਵਾਲੇ ਬੰਦੇ ਹੁੰਦੇ ਹਨ। ਗੁਰਮਤਿ ਅੰਦਰਿ ਇਹਨਾਂ ਦ੍ਰਿਸ਼ਟਮਾਨ ਤਿਹਾਂ ਗੁਣਾਂ ਤੋਂ ਉਪਰ ਅਦ੍ਰਿਸ਼ਟ ਵਿਚਿ ਖੇਲਣ ਵਾਲੀ ਚੌਥੀ ਭੂਮਿਕਾ ਭੀ ਹੈ ਜਿਸ ਨੂੰ ਤੁਰੀਆ ਆਖਿਆ ਭਾਖਿਆ ਹੈ। ਜਿਥੇ ਗੁਰਮੁਖ ਹੀ ਪਹੁੰਚਦੇ ਹਨ। ਅਤੇ ਜੀਵਨ-ਮੁਕਤ ਹੋ ਕੇ ਪਹੁੰਚਦੇ ਹਨ। ਇਸ ਅਵਸਥਾ ਵਿਚਿ ਉਹ ਗੁਰਮੁਖ ਜਨ ਤੁਰੀਆ ਗੁਣ ਵਿਚਿ ਖੇਡਣ ਵਾਲੇ ਤਿਹਾਂ ਗੁਣਾਂ ਦੇ ਦੁਬੈਲ ਨਹੀਂ ਰਹਿੰਦੇ, ਸਗੋਂ ਤਿਹਾਂ ਗੁਣਾਂ ਤੇ ਕਾਬੂ ਪਾ ਲੈਂਦੇ ਹਨ। ਨਹੀਂ ਤਾਂ ਹੋਰ ਸਾਰੇ ਸੰਸਾਰੁ ਤਿਹਾਂ ਗੁਣਾਂ ਵਿਚਿ ਵਰਤ ਰਹਿਆ ਹੈ ਅਤੇ ਤਿਹਾਂ ਗੁਣਾਂ ਅੰਦਰਿ ਹੀ ਤ੍ਰੈਗੁਣੀ ਕਰਮ ਹੀ ਕਮਾ ਰਿਹਾ ਹੈ। ਤਿੰਨੇ ਗੁਣ ਹੀ ਮਾਇਆ ਦੇ ਮੋਹੇ ਹੋਏ ਹਨ। ਗੁਰੂ ਸਾਹਿਬ ਨੇ ਪਰਤੱਖ ਦੇਖੇ ਹਨ ਅਤੇ ਗੁਰਮੁਖ ਜਨ ਗੁਰੂ ਵਰੋਸਾਏ ਹੋਏ ਹੁਣ ਭੀ ਸਾਫ਼ ਦੇਖ ਰਹੇ ਹਨ ਕਿ ਤਿੰਨੇ ਗੁਣ ਮਾਇਆ ਮੋਹ ਦੇ ਵਹਿਣ ਵਿਚਿ ਹੀ ਰੁੜ੍ਹੇ ਜਾ ਰਹੇ ਹਨ। ਚੌਥੇ ਪਦ ਤੁਰੀਆ ਗੁਣ ਵਿਚਿ ਲਿਵ ਲਾ ਕੇ ਇਹ ਗੱਲ ਗੁਰਮੁਖਾਂ ਨੂੰ ਸਾਫ਼ ਦਿਖਾਈ ਦਿੰਦੀ ਹੈ ਕਿ ਸਾਰੀ ਲੁਕਾਈ ਤ੍ਰੈਗੁਣੀ ਕਰਮ ਕਮਾਉਂਦੀ ਹੋਈ ਤਿਹਾਂ ਗੁਣਾਂ ਦੇ ਵਹਿਣ ਵਿਚਿ ਰੁੜ੍ਹੀ ਚਲੀ ਜਾ ਰਹੀ ਹੈ। ਸ੍ਰੀ

ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ ਤਿਨ੍ਹਾਂ ਗੁਰਮੁਖਾਂ ਸਿਖਾਂ ਵਿਟਹੁੰ, ਜਿਨ੍ਹਾਂ ਨੇ ਗੁਰ ਸ਼ਬਦ ਨਾਲਿ ਲਿਵਤਾਰ ਜੋੜ ਕੇ ਮਾਇਆ-ਮੋਹ ਨੂੰ ਸਾੜ ਦਿਤਾ ਹੈ, ਜਲਾ ਛਡਿਆ ਹੈ। ਮਾਇਆ ਮੋਹ ਨੂੰ ਜਲਾ ਦੇਣ ਵਾਲਿਆਂ ਗੁਰਮੁਖਾਂ ਦੀ ਹੀ ਵਾਹਿਗੁਰੂ ਨਾਲਿ ਸੱਚੀ ਲਿਵ ਲਗਦੀ ਹੈ ਅਤੇ ਅਜਿਹੇ ਲਿਵ-ਸਮਾਧੀਏ ਤੁਰੀਆ ਅਵਸਥਾ ਵਿਚਿ ਖੇਡਣ ਵਾਲੇ ਗੁਰਮੁਖ ਜਨ ਹੀ ਵਾਹਿਗੁਰੂ ਦੇ ਦਰ ਘਰ ਦਰਬਾਰੀ ਮਹਲਾਂ ਵਿਚ ਜਾ ਕੇ ਸੋਭਾ ਪਾਉਂਦੇ ਹਨ। ਦੇਵੀ ਦੇਵਤਿਆਂ ਦਾ ਮੁਢ ਹੀ ਮਾਇਆ ਹੈ। ਤਾਂਤੇ ਦੇਵੀ ਦੇਵਤਿਆਂ ਦੇ ਉਪਾਸ਼ਕਾਂ ਦੇ ਕਰਮ ਸਭ ਮਾਇਆ-ਗ੍ਰਸਤ ਤ੍ਰੈਗੁਣੀ ਕਰਮ ਹੀ ਹਨ। ਅਤੇ ਇਹਨਾਂ ਦੇਵਤਿਆਂ ਨੇ ਹੀ ਸਿਮ੍ਰਤੀਆ ਤੇ ਸਾਸਤ੍ਰ ਰਚੇ ਹਨ। ਤਾਂਤੇ ਸਿਮ੍ਰਤੀਆਂ ਸ਼ਾਸਤਰਾਂ ਦਾ ਉਪਜਾਊ ਭੀ ਸਭ ਮਾਇਆ ਦਾ, ਮਾਇਆ ਰੂਪੀ ਤ੍ਰੈ ਗੁਣਾਂ ਦਾ ਹੀ ਪਸਾਰ ਹੈ। ਇਸ ਕਰਕੇ ਸਾਰੇ ਸੰਸਾਰ ਵਿਚਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਹੀ ਆਪਣਾ ਪ੍ਰਬਲ ਪ੍ਰਭਾਵ ਪਾ ਕੇ ਪਸਰ ਰਹੇ ਹਨ, ਜਿਸ ਕਰਕੇ ਉਹ ਸਦਾ ਹੀ ਆਵਾ ਗਵਨ ਵਿਚਿ ਰਹਿੰਦੇ ਹਨ। ਦੁਖ ਹੀ ਦੁਖ ਪਾਉਂਦੇ ਹਨ। ਇਸ ਗੁਰ ਪ੍ਰਮਾਣ ਅੰਦਰਿ ਮਾਇਆ-ਮੋਹ ਯਾ ਭਰਮ ਦਾ ਇਕ ਹੋਰ ਰੂਪ ਦਰਸਾਇਆ ਸਪਸ਼ਟਾਇਆ ਗਿਆ ਹੈ, ਉਹ ਹੈ ਦੇਵੀ ਦੇਵਤਿਆਂ ਵਿਚਿ ਆਮ ਸੰਸਾਰੀਆਂ ਆਨਮਤੀਆਂ ਦਾ ਯਕੀਨ, ਦੇਵੀ ਦੇਵਤਿਆਂ ਦੇ ਮੰਨਣ ਵਿਚਿ ਹੀ ਮਾਇਆ ਮੋਹ ਅਤੇ ਭਰਮ ਕੰਮ ਕਰਿ ਰਿਹਾ ਹੈ। ਏਸੇ ਭਰਮ ਦਾ ਸਿੱਟਾ ਹੀ ਸਿਮ੍ਰਿਤ ਸ਼ਾਸਤਰ ਹਨ। ਜਿਨ੍ਹਾਂ ਵਿਚਿ ਦੇਵੀ ਦੇਵਤਿਆਂ ਦਾ ਬਿਰਤਾਂਤ ਹੀ ਸਾਰੇ ਵਿਸਥਾਰ ਨਾਲਿ ਭਰਿਆ ਪਿਆ ਹੈ। ਜਿਨ੍ਹਾਂ ਬਿਰਤਾਂਤਾਂ ਤੋਂ ਗਿਆਨ ਹੁੰਦਾ ਹੈ ਕਿ ਕਿਵੇਂ ਸੰਸਾਰ ਵਿਚਿ ਕਾਮ ਕ੍ਰੋਧ ਆਦਿਕ ਦਾ ਪ੍ਰਭਾਵ ਰਾਜ ਕਰਿ ਰਹਿਆ ਹੈ, ਜਿਸ ਕਰਕੇ ਤ੍ਰੈਗੁਣੀ ਕਰਮ ਕਮਾਵਣਹਾਰੇ ਲੋਗ ਜਨਮ ਮਰਨ ਦੇ ਗੇੜੇ ਕਢਦੇ ਤੇ ਦੁਖ ਪਾ ਰਹੇ ਹਨ।

ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ॥੩॥
ਇਹੁ ਮਨੁ ਚੰਚਲੁ ਵਸਿ ਨ ਆਵੈ ਦੁਬਿਧਾ ਲਾਗੈ ਦਹਦਿਸਿ ਧਾਵੈ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ॥੪॥
ਹਉ ਹਉ ਕਰੇ ਤੈ ਆਪੁ ਜਣਾਏ ॥ਬਹੁ ਕਰਮ ਕਰੈ ਕਿਛੁ ਥਾਇ ਨ ਪਾਏ॥...॥੫॥(੯॥੨੯॥੩੦)
(ਮਾਝ ਮ: ੩, ਪੰਨਾ ੧੨੭)

ਆਨਮਤਿ-ਧਰਮ-ਪੁਸਤਕਾਂ ਵਿਚਿ ਦੂਜੇ ਭਾਇ ਦੀਆਂ ਪੜ੍ਹਾਈਆਂ ਹੀ ਹਨ। ਜਿਨਾਂ ਨੂੰ ਪੜ੍ਹਿ ਤ੍ਰੈਬਿਧਿ (ਤ੍ਰਿਗੁਣੀ) ਮਾਇਆ ਕਾਰਨ ਲੁਝਣ (ਝਗੜਨ) ਦੇ ਕਰਮ ਕਰਨ ਦੀ ਸਿਖਸ਼ਾ ਮਿਲਦੀ ਹੈ। ਇਹ ਤ੍ਰਿਬਿਧਿ ਬੰਧਨੀ ਕਰਮ ਗਲੇ ਦਾ ਹਾਰ ਬਣ ਕੇ ਚਿਮੜ ਜਾਂਦੇ ਹਨ, ਫੇਰ ਕਦੇ ਨਹੀਂ ਛੁਟਦੇ। ਗੁਰ-ਸਬਦੀ ਹੀ ਇਹਨਾਂ ਤੋਂ ਬੰਦ-ਖਲਾਸੀ ਹੁੰਦੀ ਹੈ। ਬਸ, ਤ੍ਰਿਬਿਧਿ ਕਰਮ ਤੋਂ ਬੰਦ-ਖਲਾਸੀ ਹੋਣ ਪਰ ਹੀ ਮੁਕਤਿ ਪ੍ਰਾਪਤਿ ਕਰਨ ਦਾ ਧੁਰਵਾ ਬੱਝਦਾ ਹੈ। ਤ੍ਰੈਗੁਣੀ ਕਰਮਾਂ ਦਾ ਫੱਟਿਆ ਹੋਇਆ, ਤ੍ਰਿਬਿਧਿ ਮਨਸ਼ਾ ਦਾ ਮੂਸਿਆ ਹੋਇਆ ਦੂਜੇ ਭਾਇ ਦੀਆਂ ਪੜ੍ਹਾਈਆਂ ਵਿਚਿ ਪੜ੍ਹ ਕੇ ਕੜ੍ਹਿਆ ਮਨੁ ਅਤੀ ਚੰਚਲ ਹੋ ਜਾਂਦਾ ਹੈ। ਫੇਰ ਵਸਿ ਹੀ ਨਹੀਂ ਆਉਂਦਾ ਅਤੇ ਦੁਬਿਧਾ ਵਿਚਿ ਲਗਿਆ ਹੋਇਆ ਦਹਿਦਿਸ ਧਾਵੰਦਾ ਫਿਰਦਾ ਹੈ। ਬਿਖ ਵਿਹਾਜਣੀ ਕਰਮਾਂ ਵਿਚਿ ਖਚਤ ਹੋਇਆ ਬਿਖਿਆ ਕਾ ਕੀੜਾ ਹੀ ਬਣ ਜਾਂਦਾ ਹੈ। ਅਤੇ ਬਿਖ ਮਾਇਆ ਵਿਚਿ ਹੀ ਰੱਤਿਆ ਰਹਿੰਦਾ ਹੈ। ਰੱਤ ਹੀ ਉਸ ਦੇ ਪਲੇ ਪੈਂਦੀ ਹੈ। ਇਉਂ ਬਿਖ ਵਿਚਿ ਹੀ ਪਚਿ ਪਚਿ ਮਰਦਾ ਹੈ। ਹਉਂ ਹਉਂ ਮੈਂ ਮੈਂ ਕਰਦਾ ਹੈ ਤੇ ਅਪਣਾ ਆਪ ਜਣਾਉਂਦਾ ਹੈ। ਇਸ ਹਉਮੈ ਵਿਚਿ ਮੱਤਿਆ ਹੋਇਆ ਜਿੰਨੇ ਭੀ ਕਰਮ ਕਮਾਉਂਦਾ ਹੈ, ਉਤਨੇ ਹੀ ਉਸ ਦੇ ਕੀਤੇ ਕਰਮ ਕੁਲੇਖੇ ਜਾਂਦੇ ਹਨ। ਥਾਇ ਨਹੀਂ ਪੈਂਦੇ। ਨਾ ਹੀ ਕਰਨਹਾਰਾ ਕਿਸੇ ਨਿਸ਼ਾਨੇ (ਗੋਲ) ਤੇ ਪਹੁੰਚਦਾ ਹੈ। ਵਾਹਿਗੁਰੂ ਤੋਂ ਬਾਹਰਾ ਕਿਛ ਭੀ ਨਹੀਂ ਕਰ ਸਕਦਾ। ਜੇ ਉਹ ਬਖਸ਼ੇ ਤਾਂ ਗੁਰ ਸ਼ਬਦ ਦੇ ਲੜਿ ਲਗ ਜਾਵੇ। ਇਉਂ ਉਹਨਾਂ ਦਾ ਜੀਵਨ ਸੁਕਿਆ ਹੋਇਆ ਫੇਰ ਹਰਿਆ ਭਰਿਆ ਖਿੜਿਆ ਬਾਗ ਬਣ ਸਕਦਾ ਹੈ ਅਤੇ ਸੋਭ-ਸੁਹਾਵਾ ਹੋ ਸਕਦਾ ਹੈ।


www.AKJ.Org

ਜਨਮਿ ਮਰੈ ਤ੍ਰੈਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥
ਤੀਨਿ ਅਵਸਥਾ ਕਹਹਿ ਵਖਿਆਨੁ॥ ਤੁਰੀ ਆਵਸਥਾ ਸਤਿਗੁਰ ਤੇ ਹਰਿ ਜਾਨੁ॥੧॥
ਰਾਮ ਭਗਤਿ ਗੁਰ ਸੇਵਾ ਤਰਣਾ॥ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ॥
ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ (੪॥੧੨)
(ਗਉੜੀ ਮ:੧, ਪੰਨਾ ੧੫੪)

ਵਿਆਖਿਆ— ਤ੍ਰੈਗੁਣਾਂ ਨਾਲਿ ਹਿਤਕਾਰ ਪਿਆਰ ਰਖਣ ਵਾਲਾ ਪੜ੍ਹਿ ਪੜ੍ਹਿ ਜੰਮਦਾ ਮਰਦਾ ਹੈ। ਚਾਰੇ ਬੇਦ ਦ੍ਰਿਸ਼ਟਮਾਨ ਦਾ ਬਿਰਤਾਂਤ ਹੀ ਕਥਨ ਕਰਦੇ ਹਨ। ਤੇ ਦ੍ਰਿਸ਼ਟਮਾਨ ਬਿਰਤਾਂਤ ਤਿਹਾਂ ਗੁਣਾਂ ਦਾ ਹੀ ਵਿਸਥਾਰ ਹੈ। ਰਜ, ਤਮ, ਸਤ, ਤਿਹਾ ਗੁਣਾ ਦਾ ਵਖਿਆਨ ਹੀ ਕਰਦੇ ਹਨ ਚਾਰੇ ਬੇਦ। ਤੁਰੀਆ ਅਵਸਥਾ ਕੇਵਲ ਸਤਿਗੁਰ ਤੋਂ ਹੀ ਜਾਣੀ ਜਾਂਦੀ ਹੈ। ਚੌਹਾਂ ਬੇਦਾਂ ਵਿਚਿ ਤੁਰੀਆ ਗੁਣ ਦਾ ਜ਼ਿਕਰ ਹੀ ਨਹੀਂ। ਉਹਨਾਂ ਨੂੰ ਏਸ ਅਵਸਥਾ ਦਾ ਗਿਆਨ ਹੀ ਨਹੀਂ। ਸਤਿਗੁਰੂ ਦੇ ਸਿਖ ਸੇਵਕ ਬਣ ਕੇ ਹੀ ਵਾਹਿਗੁਰੂ ਦੀ ਭਗਤੀ ਹੁੰਦੀ ਹੈ ਅਤੇ ਭਗਤੀ ਦੁਆਰਾ ਹੀ ਨਿਸਤਾਰਾ ਹੈ। ਐਸਾ ਨਿਸਤਾਰਾ ਕਿ ਮੁੜ ਕੇ ਜਨਮ ਮਰਨ ਵਿਚਿ ਆਉਣਾ ਹੀ ਨਹੀਂ ਪੈਂਦਾ। ਚਾਰ ਪਦਾਰਥ (੧) ਅਰਥ (ਦੁਨਿਆਵੀ ਐਸ਼੍ਵਰਜ), (੨) ਧਰਮ (ਧਰਮੀ ਜੀਵਨ), (੩) ਕਾਮ (ਮਨੋਰਥ ਸਫਲਤਾ), ਅਤੇ (੪) ਮੋਖ (ਮੁਕਤੀ) ਸਭ ਕੋਈ ਕਹਿੰਦਾ ਹੈ ਅਤੇ ਮੰਗਦਾ ਹੈ। ਸਿਮ੍ਰਿਤਿ ਸ਼ਾਸਤਰ ਭੀ ਅਤੇ ਸਿਮ੍ਰਿਤੀਆਂ ਸ਼ਾਸਤਰਾਂ ਦੇ ਪੰਡਤ ਭੀ ਇਹੀ ਮੰਗ ਮੰਗਦੇ ਹਨ, ਚੌਹਾਂ ਪਦਾਰਥਾਂ ਦੀ ਅਤੇ ਮੁਖੋਂ ਇਨ੍ਹਾਂ ਚੌਹਾਂ ਪਦਾਰਥਾਂ ਦਾ ਹੀ ਵਿਸਥਾਰਕ ਵਖਿਆਨ ਕਰਦੇ ਹਨ। ਪ੍ਰੰਤੂ ਵਾਹਿਗੁਰੂ ਦੀ ਸੱਚੀ ਸਿਖਸ਼ਾ ਬਿਨਾਂ, ਸਿਖੀ ਸੇਵਕੀ ਬਿਨਾਂ ਸੱਚੇ ਅਰਥ ਲਭਣ ਯੋਗ ਤੱਤ ਪਰਮਾਰਥੀ ਬੀਚਾਰ ਕਿਸੇ ਨੂੰ ਨਹੀਂ ਲੱਭਾ। ਸੱਚਾ ਮੁਕਤ ਪਦਾਰਥ ਅਤੇ ਵਾਹਿਗੁਰੂ ਦੀ ਪ੍ਰਾਪਤੀ ਸਤਿਗੁਰੂ ਦ੍ਰਿੜ੍ਹਾਈ ਭਗਤੀ ਦੇ ਪ੍ਰਤਾਪ ਨਾਲਿ ਹੁੰਦੀ ਹੈ। ਬੇਦ ਬੀਚਾਰੀ ਤ੍ਰੈਗੁਣੀ ਕਰਮਾਂ ਨਾਲਿ ਟਕਰਾਂ ਮਾਰਿਆਂ ਕੁਛ ਨਹੀਂ ਬਣਦਾ, ਨਾ ਕੁਛ ਲੱਭਤਾ ਹੁੰਦੀ ਹੈ।

ਤੀਨਿ ਭਵਨ ਮਹਿ ਏਕਾ ਮਾਇਆ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ॥
ਬਹੁ ਕਰਮ ਕਮਾਵੈ ਦੁਖੁ ਸਬਾਇਆ॥ ਸਤਿਗੁਰੁ ਸੇਵ ਸਦਾ ਦੁਖੁ ਪਾਇਆ ॥੬॥
ਅੰਮ੍ਰਿਤ ਮੀਠਾ ਸਬਦੁ ਵੀਚਾਰਿ॥ ਅਨਦਿਨੁ ਭੋਗੇ ਹਉਮੈ ਮਾਰਿ॥
ਸਹਜਿ ਅਨੰਦਿ ਕਿਰਪਾ ਧਾਰਿ॥ ਨਾਮਿ ਰਤੇ ਸਦਾ ਸਚਿ ਪਿਆਰਿ॥੭॥
(੮॥੩॥੨੫) (ਆਸਾ ਮ:੩, ਪੰਨਾ ੪੨੪)

ਵਿਆਖਿਆ :– ਤਿੰਨਾਂ ਲੋਕਾਂ ਵਿਚਿ, ਗੱਲ ਕੀ ਸਾਰੀ ਸ੍ਰਿਸ਼ਟੀ ਵਿਚਿ ਹੀ ਇਕੋ ਮਾਇਆ ਦੀ ਮੁਖ ਉਪਾਸ਼ਨਾ ਦਾ ਜ਼ੋਰ ਹੈ। ਮੂਰਖਾਂ ਪੰਡਤਾਂ ਨੇ ਭੀ ਬੇਦ ਸ਼ਾਸਤਰਾਂ ਨੂੰ ਪੜਿ ਪੜਿ ਇਸੇ ਮਾਇਆ ਦੀ ਉਪਾਸ਼ਨਾ ਵਾਲਾ ਦੂਜਾ ਭਾਵ ਹੀ ਲੋਕਾਂ ਨੂੰ ਦ੍ਰਿੜ੍ਹਾਇਆ ਹੈ ਅਤੇ ਖ਼ੁਦ ਦ੍ਰਿੜ ਕੀਤਾ ਹੈ। ਏਹਨਾਂ ਆਨਮਤ ਪੁਸਤਕਾਂ ਬੇਦ ਆਦਿਕਾਂ ਵਿਚ ਹੈ ਹੀ ਦੂਜੇ ਭਾਵ ਦੀ ਤ੍ਰੈਗੁਣੀ ਉਪਾਸ਼ਨਾਂ ਦਾ ਜ਼ਿਕਰ। ਇਸ ਦੂਜੇ-ਭਾਵ ਵਿਚਿ ਅਰੂੜ੍ਹਤ ਹੋ ਕੇ ਹੀ ਬਹੁਤੇ ਤ੍ਰੈਗੁਣੀ ਕਰਮਾਂ ਦੇ ਕਰਨ ਵਿਚਿ ਖਪਤ ਖਚਤ ਹੋ ਕੇ ਇਨ੍ਹਾਂ ਨੇ ਜਨਮ ਗਵਾਉਣ ਤੇ ਲੱਕ ਬੰਨ੍ਹਿਆ ਹੋਇਆ ਹੈ। ਜਿਸ ਦੇ ਕਾਰਨ ਦੁਖ ਹੀ ਦੁਖ ਸਬਾਇਆ ਦਰਪੇਸ਼ ਹੈ। ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਜਿਸ ਕਿਸੇ ਨੇ ਸੁਖ ਪਾਇਆ ਹੈ, ਸੋ ਪਾਇਆ ਐਸਾ ਸੁਖ ਕਿ ਗੁਰ ਸ਼ਬਦ ਦਾ ਅਭਿਆਸ ਕਮਾਈ ਰੂਪ ਵੀਚਾਰ ਕਰ ਕੇ ਅੰਮ੍ਰਿਤ ਮੀਠਾ ਸੁਖਿ ਪਾਇਆ ਹੈ ਤੇ ਸ਼ਬਦ ਬੀਚਾਰੀ ਅਭਿਆਸਾਚਾਰੀ ਗੁਰਸਿਖਾਂ ਨੇ ਹੀ ਪਾਇਆ। ਜਿਸ ਅੰਮ੍ਰਿਤ-ਰਸ ਪੀਣ ਤੇ ਗਟਾਕ ਚੱਖਣ ਵਿਚਿ ਜੋ ਸੁਆਦੁ ਅਹਿਲਾਦੁ ਆਤਮ ਬਿਸਮਾਦੁ ਹੈ ਸੋ ਕਿਤੇ ਨਹੀਂ। ਫੇਰ ਇਹ ਸੁਖ ਅਹਿਲਾਦੀ ਸੁਆਦੁ ਛਿਨ ਭੰਗਰੀ ਨਹੀਂ। ਇਸ ਸੁਆਦੁ ਦਾ ਬਿਸਮਾਦ ਆਨੰਦ ਅਨਦਿਨੁ ਮਾਣੀਦਾ ਹੈ। ਮਾਣਦੇ ਹਨ ਮਾਨਣਹਾਰੇ ਗੁਰਮੁਖ ਜਨ ਅਤੇ ਭੋਗਦੇ ਹਨ ਭੋਗਣਹਾਰੇ ਭਾਗਵੰਤ। ਉਹਨਾਂ ਦੀ ਹਉਮੈ ਮਰ ਜਾਂਦੀ ਹੈ। ਹਉਮੈ ਰੂਪੀ ਕਾਈ ਰਾਈ ਮਾਤਰ ਭੀ ਉਹਨਾਂ ਦੇ ਅੰਦਰਿ ਨਹੀਂ ਰਹਿੰਦੀ।

ਆਤਮ-ਰਸ-ਭੋਗ ਆਨੰਦੀਆਂ ਨੂੰ ਹਉਮੈ ਕਿਥੇ ? ਹਉਮੈ ਉਹਨਾਂ ਨੂੰ ਪੋਹ ਹੀ ਨਹੀਂ ਸਕਦੀ। ਉਹ ਸਦਾ ਹੀ ਸਹਜ ਅਨੰਦ ਵਿਚਿ ਮਸਤੂਲ ਮਸਤ ਰਹਿੰਦੇ ਹਨ। ਐਸੀ ਪਰਮ ਕਿਰਪਾ ਉਹਨਾਂ ਉਤੇ ਕਿਰਪਾਲੂ ਗੁਰ ਕਰਤਾਰ ਨੇ ਧਾਰੀ ਹੋਈ ਹੁੰਦੀ ਹੈ। ਨਾਮ ਰਤਿਆਂ ਦੀ ਸੱਚੇ ਵਾਹਿਗੁਰੂ ਨਾਲਿ ਪਿਰਮ ਸਨੇਹੀ ਗਲਵਕੜੀ ਹੀ ਪਈ ਰਹਿੰਦੀ ਹੈ। ਉਹਨਾਂ ਦੀ ਅੱਖ ਹੋਰ ਪਾਸੇ ਦਉੜਦੀ ਹੀ ਨਹੀਂ।

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥
(੪॥੧੦) (ਸੋਰਠਿ ਮ: ੩, ਪੰਨਾ ੬੦੩)

ਭਾਵ – ਤ੍ਰੈ ਗੁਣ ਮਾਇਆ ਦੇ ਕਰਮ ਚਾਹੇ ਕੋਈ ਕਿੰਨੇ ਬਹੁਤੇ ਕਰੇ ਕਮਾਵੇ, ਪਰ ਹਰਿ-ਰਸ ਦਾ ਸੁਆਦ ਇਹਨਾਂ ਕਰਮਾਂ ਦੇ ਕਮਾਇਆਂ ਕਦੇ ਨਹੀਂ ਆਉਂਦਾ। ਇਹ ਅਹਿਲਾਦ ਬਿਸਮਾਦੀ ਸੁਆਦੁ ਤਾਂ ਕਿਰਤਮ ਨਾਮ ਦੇ ਜਪਿਆਂ ਭੀ ਨਹੀਂ ਆਉਂਦਾ, ਚਾਹੇ ਕਿਰਤਮ ਨਾਮ ਜਪਣ ਵਾਲੇ ਕਿਤਨਾ ਜ਼ੋਰ ਲਾ ਥੱਕਣ। ਕਿਉਂਕਿ ਉਹਨਾਂ ਦੇ ਮਨ ਤਾਂ ਤ੍ਰੈਗੁਣੀ ਮਾਇਆ ਨਾਲਿ ਲਿਬੜੇ ਰਹਿੰਦੇ ਹਨ। ਇਸ ਲਿਬੇੜ ਨੂੰ ਕੇਵਲ ਗੁਰਮਤਿ ਨਾਮ ਦਾ ਅਭਿਆਸ ਹੀ ਦੂਰ ਕਰ ਸਕਦਾ ਹੈ, ਉਹ ਭੀ ਜੇ ਪੂਰਨ ਗੁਰਮਤਿ ਮਰਯਾਦਾ ਨਾਲਿ ਪ੍ਰਾਪਤਿ ਹੋਇਆ ਹੋਵੇ। ਆਪ-ਹੁਦਰਾ ਕੋਈ ਗੁਰਮਤਿ ਨਾਮ ਦਾ ਅਭਿਆਸ ਭੀ ਨਹੀਂ ਕਰ ਸਕਦਾ, ਜਦ ਤਾਈਂ ਨਾਮ ਗੁਰ ਮੰਤਰ ਦੀ ਗੁੜ੍ਹਤੀ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਗੁਰੂ ਦੁਆਰਿਓਂ, ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕਰ ਕੇ ਨ ਮਿਲੀ ਹੋਵੇ –

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥
ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੫॥
(ਭੈਰਉ ਮ: ੧, ਪੰਨਾ ੧੧੨੬)

ਭਾਵਾਰਥ :– ਅਤਿ ਬੁਢੇਪਾ ਆਉਣ ਕਰਕੇ ਡਗਮਗੀ ਥਿੜਕਵੀਂ ਚਾਲ ਭੀ ਹੋ ਗਈ ਅਤੇ ਨੇਤ੍ਰ ਭੀ ਅੰਧਲੇ ਹੋ ਗਏ। ਦਿਸਣੋਂ ਰਹਿ ਗਇਆ, ਤੁਰਨ ਲਗਿਆਂ ਡਿਕ ਡੋਲੇ ਖਾਂਦਾ ਹੈ, ਤਰ ਨਹੀਂ ਹੁੰਦਾ। ਪਰ ਫੇਰ ਭੀ ਉਸ ਨੂੰ ਗੁਰਮਤਿ ਮਤਿ ਨਹੀਂ ਆਉਂਦੀ। ਗੁਰਮਤਿ ਦੇ ਨੇੜੇ ਨਹੀਂ ਜਾਂਦਾ। ਸ਼ਬਦ ਸੁਰਤਿ ਵਾਲੀ ਗੱਲ ਉਸ ਨੂੰ ਭਉਂਦੀ ਹੀ ਨਹੀਂ। ਸ਼ਾਸਤਰਾਂ ਬੇਦਾਂ ਪਿਛੇ ਪਿਆ ਟਕਰਾਂ ਮਾਰਦਾ ਫਿਰਦਾ ਹੈ। ਅਤੇ ਅੰਨ੍ਹੇਵਾਹ ਧੰਦ ਕਮਾਉਂਦਾ ਹੈ, ਕਿਉਂਕਿ ਸ਼ਾਸਤਰਾਂ ਬੇਦਾਂ ਦਾ ਵੀਚਾਰ ਤ੍ਰੈਗੁਣ ਮਾਇਆਂ ਦੇ ਪਾਸਾਰੇ ਬਿਸਥਾਰੇ ਵਾਲਾ ਹੀ ਹੈ। ਇਹਨਾਂ ਦੇ ਪੜ੍ਹਨ ਵਾਲੀ ਪੜ੍ਹ ਕੇ ਕਮਾਉਣ ਵਾਲਾ ਤ੍ਰੈਗੁਣ ਰੂਪ ਛੂਛੀ ਛਾਇਆ ਮਾਇਆ ਦੇ ਪਿਛੇ ਹੀ ਧੰਦ ਕਮਾਉਂਦਾ ਹੈ। ਤੱਤ-ਮੂਲ ਛਡ ਕੇ ਦੁਰਮਤਿ ਗਿਆਨ ਵਿਹੂਣੇ ਪੁਰਸ਼ ਨੂੰ ਲਾਭ ਕਿਥੋਂ ਆਉਣਾ ਹੈ। ਕਿਤੋਂ ਭੀ ਨਹੀਂ। ਦੁਰਮਤਿ ਬੁਧੀ ਵਾਲੇ ਨੂੰ, ਤ੍ਰੈਗੁਣੀ ਮਾਇਆ ਵਿਚਿ ਲਿਪਾਇਮਾਨ ਹੋਈ ਵੀ ਕੁਮਤੜੀ ਵਾਲੇ ਨੂੰ ਗੁਰਮਤਿ ਤੱਤ ਗਿਆਨ ਕਿਥੋਂ ਮਿਲਣਾ ਹੋਇਆ ? ਜਿਨ੍ਹਾਂ ਨੇ ਗੁਰਮਤਿ-ਦੀਖਿਆ ਲੈ ਕੇ ਗੁਰਮੰਤਰ ਸ਼ਬਦ ਦਾ ਅਭਿਆਸ ਕਮਾਈ ਰੂਪੀ ਸਚੜਾ ਵੀਚਾਰ ਅਮਲ ਕੀਤਾ ਹੈ, ਉਸੇ ਵਡਿਭਾਗੇ ਗੁਰਮੁਖ ਜਨ ਨੇ ਹੀ ਤੱਤ ਵਥੀ ਰਾਮ ਰਸ ਚਖਿਆ ਹੈ। ਅਤੇ ਉਸੇ ਨੂੰ ਹੀ ਸੱਚੇ ਵਾਹਿਗੁਰੂ ਦੀ ਸੱਚੜੀ ਪਤੀਜ ਸ਼ਰਧਾ ਆਈ ਹੈ। ਇਹ ਸ਼ਰਧਾ ਤ੍ਰੈਗੁਣੀ ਧਾਤ ਵਾਲੇ ਬੇਦਾਂ ਸ਼ਾਸਤਰਾਂ ਪਿਛੇ ਦਉੜਿਆਂ ਸਗੋਂ ਹੋਰ ਭੀ ਘਟਦੀ ਹੈ। ਅਤੇ ਕਈਆਂ ਦੀ ਤਾਂ ਕਈ ਹਾਲਤਾਂ ਵਿਚ ਉਕੀ ਹੀ ਜਾਂਦੀ ਰਹਿੰਦੀ ਹੈ।

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥ (੪॥੧) (ਮਲਾਰ ਮ: ੩, ਪੰਨਾ ੧੨੫੭)


www.AKJ.Org

ਕੀ ਬ੍ਰਹਮਾ, ਕੀ ਬਿਸ਼ਨ, ਕੀ ਮਹੇਸ਼ (ਮਹਾਂਦੇਉ) ਬੇਦਾਂ ਨੂੰ ਪੜ੍ਹ ਪੜ੍ਹ ਕੇ ਵਾਦ ਹੀ ਵਖਾਣਦਾ ਹੈ। ਭਾਵੇਂ ਕੋਈ ਪੜ੍ਹੇ ਬੇਦਾਂ ਨੂੰ, ਭਾਵੇਂ ਬ੍ਰਹਮਾ ਪੜ੍ਹੇ, ਭਾਵੇਂ ਬਿਸ਼ਨੂੰ ਪੜ੍ਹੇ, ਭਾਵੇਂ ਮਹਾਂਦੇਉ। ਇਹਨਾਂ ਤੇਹਾਂ ਦੇ ਵਤਿਆਂ ਵਿਚੋਂ ਚਾਹੇ ਕੋਈ ਬੇਦਾਂ ਨੂੰ ਪੜ੍ਹੇ, ਉਹ ਵਾਦ ਹੀ ਵਖਾਣਦਾ ਹੈ, ਕਿਉਂਕਿ ਬੇਦਾਂ ਵਿਚਿ ਤ੍ਰੈਗੁਣ ਮਾਇਆ ਦਾ ਬਖੇੜਾ ਹੀ ਭਰਿਆ, ਲਿਖਿਆ ਪਿਆ ਹੈ। ਬਸ ਤ੍ਰੈਗੁਣ ਮਾਇਆ ਨੇ ਸਾਰਾ ਜਗਤ ਹੀ ਭੁਲਾ ਛਡਿਆ ਹੈ। ਤ੍ਰੈਗੁਣ ਕਰਮ ਕਰਨਹਾਰਾ ਸਭ ਕੋਈ ਅਸਲੀ ਤੱਤ ਮਾਰਗ ਤੋਂ, ਪਰਮਾਰਥ ਦੇ ਮਾਰਗ ਤੋਂ ਭੁਲਿਆ ਹੀ ਫਿਰਦਾ ਹੈ। ਬ੍ਰਹਮਾ ਬਿਸ਼ਨ ਮਹੇਸ਼ ਵਰਗੇ ਭੁਲੇ ਫਿਰਦੇ ਹਨ ਅਤੇ ਵਾਦ ਵਖਾਣਦੇ ਰਹੇ ਬੇਦਾਂ ਨੂੰ ਪੜ੍ਹਿ ਪੜ੍ਹਿ, ਤਾਂ ਜਗਤ ਕਿਸ ਦਾ ਬਿਚਾਰਾ ? ਮਾਨੁਖ ਮਾਤਰ ਸਣੇ ਦੇਵਤਿਆਂ ਦੇ ਤ੍ਰੈਗੁਣ ਮਾਇਆ ਦਾ ਹੀ ਭੁਲਾਇਆ ਫਿਰਦਾ ਹੈ। ਏਹਨਾਂ ਤ੍ਰੈਗੁਣ ਕਰਮਾਂ ਦੇ ਕਰਨਹਾਰਿਆਂ ਨੂੰ ਅਤੇ ਤ੍ਰੈਗੁਣ ਕਰਮ ਕਰਿ ਕਰਿ ਭੁਲਣਹਾਰਿਆਂ ਨੂੰ ਹਰ ਦੰਮ ਜਨਮ ਮਰਨ ਦਾ ਸੰਸਾ ਹੀ ਵਿਆਪਿਆ ਰਹਿੰਦਾ ਹੈ। ਸਤਿਗੁਰੂ ਦੇ ਪ੍ਰਸਾਦਿ ਕਰਿ ਜਿਸ ਜਿਸ ਵਿਰਲੇ ਵਡਿਭਾਗੇ ਗੁਰਮੁਖ ਜਨ ਨੂੰ ਇਕ ਅਕਾਲ ਪੁਰਖ ਦਾ ਤੱਤ ਗਿਆਨ ਗੁਰਮੰਤਰ ਹੀ ਪ੍ਰਚੰਡ ਗਿਆਨ ਨਸੀਬ ਹੋ ਜਾਵੇ ਤਾਂ ਹੀ ਇਸ ਧੰਧੇ ਤੋਂ ਰਹਿਤ ਹੁੰਦਾ ਹੈ। ਉਸ ਦੇ ਮਨ ਅੰਦਰੋਂ ਆਵਾਗਉਣ ਦਾ ਅੰਦੇਸ਼ਾ ਦੂਰ ਹੋ ਜਾਂਦਾ ਹੈ। ਨਹੀਂ ਤਾਂ ਆਮ ਨਿਗੁਰੀ ਲੁਕਾਈ ਤਿਹਾਂ ਗੁਣਾਂ ਵਿਚਿ ਕਰਮ ਕਰਿ ਕਰਿ ਚੁਰਾਸੀ ਵਿਚਿ ਜਾ ਖਪਦੀ ਹੈ।

ਤ੍ਰੈਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥
ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥
ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨ ਪਵੈ ਕਹਣਾ ਕਿਛੂ ਨ ਜਾਇ ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥ (੪॥੨)

(ਮਲਾਰ ਮ: ੩, ਪੰ: ੧੨੫੮)

ਭਾਵ –ਤਿੰਨੇ ਗੁਣ ਸਭ ਮਾਇਆ ਹੀ ਹੈ। ਸੋ ਇਹਨਾਂ ਤਿਹਾਂ ਗੁਣਾਂ ਦੇ ਕਰਮ ਕੀਤਿਆਂ ਨਾ ਵਾਹਿਗੁਰੂ ਦੀ ਭਗਤੀ ਪ੍ਰਾਪਤਿ ਹੁੰਦੀ ਹੈ ਅਤੇ ਨਾ ਹੀ ਪਰਮਾਰਥ ਵਲ ਪ੍ਰੇਮ ਲਗਦਾ ਹੈ। ਏਨ੍ਹਾਂ ਤ੍ਰੈਗੁਣੀ ਕਰਮ ਕਰਨਹਾਰਿਆਂ ਦੀ ਕਦੇ ਗਤਿ ਕਲਿਆਣ ਨਹੀਂ ਹੁੰਦੀ, ਨਾ ਮੁਕਤੀ ਹੁੰਦੀ ਹੈ। ਕਿਉਂਕਿ ਤ੍ਰੈਗੁਣੀ ਕਰਮ ਸਭ ਹਉਮੈ ਦੇ ਕਰਮ ਹੀ ਹੁੰਦੇ ਹਨ। ਤ੍ਰੈਗੁਣੀ ਕਰਮ ਕਰਨਹਾਰੇ ਹਉਮੈ ਵਿਚਿ ਹੀ ਇਹ ਕਰਮ ਕਮਾਉਂਦੇ ਹਨ। ਬਸ ਮੁੜਿ ਮੁੜਿ ਏਹਨਾਂ ਤ੍ਰੈਗੁਣਾ ਕਰਮਾਂ ਦੇ ਕਰਨ ਵਿਚਿ ਧੱਕੇ ਖਾਂਦੇ ਫਿਰਦੇ ਹਨ। ਕਿਰਤ ਕਰੰਮੀ ਲੇਖਾਂ ਦੇ ਬਧੇ ਫਿਰਦੇ ਹਨ। ਜੋ ਸੱਚੇ ਸਾਹਿਬ ਨੂੰ ਭਾਉਂਦਾ ਹੈ ਸੋ ਥੀਂਦਾ ਹੈ। ਕਰਮ ਅਨੁਸਾਰ ਤ੍ਰੈਗੁਣੀ ਕਰਮਾਂ ਦੇ ਕਰਨ ਦਾ ਮੁੜਿ ਮੁੜਿ ਗੇੜ ਹੀ ਬੱਝ ਜਾਂਦਾ ਹੈ, ਭਾਣੇ ਅੰਦਰਿ ਸੱਚੇ ਸਤਿਗੁਰੂ ਦੀ ਭੇਟ ਮੁਲਾਕਾਤ ਹੋ ਜਾਵੇ ਤਾਂ ਪਾਰਸ ਰੂਪ ਸਤਿਗੁਰੂ ਦੇ ਭੇਟੇ ਜਾਣ ਕਰਿ ਕੋਈ ਪਾਰਸ ਕਲਾ ਵਰਤੇ ਤਾਂ ਮਨ ਮਰਦਾ ਹੈ ਅਤੇ ਮਨ ਦੀ ਮਲ ਮਾਇਆ ਰੂਪੀ ਧਾਤ ਭੀ ਮਰ ਜਾਂਦੀ ਹੈ। ਤਾਂ ਗੁਰਪ੍ਰਸਾਦਿ ਗੁਰਦੀਖਿਆ ਪ੍ਰਾਪਤਿ ਕਰਿ ਨਾਮ ਮਨ ਵਿਚਿ ਆ ਵਸਦਾ ਹੈ। ਤਿਸ ਨਾਮ ਮਨਿ ਵਸਣ ਵਾਲੀ ਬਿਵਸਥਾ ਦੀ ਕੀਮਤ ਹੀ ਨਹੀਂ ਪੈਂਦੀ ਅਤੇ ਇਸ ਪ੍ਰਥਾਇ ਕੁਛ ਕਹਿਣ ਦੀ ਕੁਦਰਤਿ ਭੀ ਕਿਸੇ ਨੂੰ ਨਹੀਂ, ਇਸ ਅਵਸਥਾ ਹੀ ਕਹਿਣ ਕਥਨ ਤੋਂ ਨਿਆਰੀ ਹੈ। ਤ੍ਰੈਗੁਣਾਂ ਵਿਚੋਂ ਨਿਕਲ ਕੇ ਤੁਰੀਆ ਗੁਣ ਚੌਥੇ ਪਦ ਵਿਚਿ ਵਾਸਾ ਹੋ ਜਾਂਦਾ ਹੈ। ਬਸ, ਫੇਰ ਤਾਂ ਸੱਚੇ ਵਾਹਿਗੁਰੂ ਵਿਚਿ ਹੀ ਸਮਾਈ ਵਾਸ-ਵਸਾਈ ਹੋ ਜਾਂਦੀ ਹੈ।

ਪਰਵਿਰਤ ਨਰਵਿਰਤ ਦੋਹਾਂ ਪਾਪਾਂ ਦੇ ਕਰਮ ਸਭਿ ਤ੍ਰੈਗੁਣੀ ਕਰਮ ਹੀ ਹਨ। ਯਥਾ ਗੁਰਵਾਕ –

ਦੋਵੈ ਤਰਫਾ ਉਪਾਇ ਇਕੁ ਵਰਤਿਆ ॥
ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥


www.AKJ.Org

ਪਰਵਿਰਤ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ ॥
ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥
ਸਤਿਗੁਰੁ ਸੇਵਨਿ ਆਪਣਾ ਤਿਨਾ ਵਿਟਹੁ ਹਉ ਵਾਰਿਆ ॥ਪਉੜੀ ੫॥

(ਵਾਰ ਮਲਾਰ ਕੀ ਮ: ੧, ਪੰਨਾ ੧੨੮੦)

ਵਿਆਖਿਆ :- ਗ੍ਰਿਹਸਤ ਅਤੇ ਤਿਆਗ, ਪਰਵਿਰਤ ਅਤੇ ਨਰਵਿਰਤ ਇਹ ਦੋਵੇਂ ਪੱਖ (ਤਰਫ਼) ਉਪਜੇ (ਪੈਦਾ) ਹੋਏ ਵੇ ਹਨ। ਬੇਦਾਚਾਰੀ ਆਖਦੇ ਹਨ ਕਿ ਉਸੇ ਕਰਤੇ ਪੁਰਖ ਦੇ ਉਪਾਏ ਹੋਏ ਹਨ। ਭਾਵੇਂ ਕਿਵੇਂ ਭੀ ਹੋਵੇ, ਦੋਹਾਂ ਤਰਫਾਂ (ਪੱਖਾਂ) ਵਿਚਿ ਇਕੋ ਅਕਾਲ ਪੁਰਖ ਵਰਤ ਰਹਿਆ ਹੈ। ਪੂਰਨ ਗੁਰਮਤਿ ਅਸੂਲ ਅਨੁਸਾਰ ਭੀ ਇਹ ਠੀਕ ਹੈ ਕਿ ਉਹ ਚਰ ਅਚਰ ਜੀਵ ਸ੍ਰਿਸ਼ਟੀ ਵਿਚਿ ਸਾਰੇ ਹੀ ਆਪਿ ਵਰਤ ਰਿਹਾ ਹੈ। ਦੋਹਾਂ ਤਰਫ਼ਾਂ ਵਿਚਿ ਤਾਂ ਵਰਤਣਾਂ ਹੀ ਸੀ ਉਸੇ ਏਕ ਨੇ। ਪਰ ਇਹ ਪਰਵਿਰਤ ਨਰਵਿਰਤ ਪੱਖਾਂ (ਦੋਹਾਂ ਤਰਫ਼ਾਂ) ਦਾ ਵਿਤਕਰਾ ਵੇਦਾਂ ਨੇ ਹੀ ਆ ਕੇ ਪਾਇਆ ਹੈ। ਬੇਦਾਂ ਦੇ ਕਰਤਿਆਂ ਧਰਤਿਆਂ ਨੇ ਬੇਦ-ਬਾਣੀ ਦਾ ਵਰਤਾਰਾ ਵਰਤਾ ਕੇ ਅਤੇ ਦੋਹਾਂ ਤਰਫ਼ਾਂ (ਪੱਖਾਂ) ਦਾ ਪਸਾਰਾ ਪਸਰਾਇ ਕੇ ਦੋਹਾਂ ਪੱਖਾਂ ਅੰਦਰਿ ਵਾਦ-ਖਿਵਾਦ ਦਾ ਝਗੜਾ ਘੱਤ ਦਿਤਾ ਹੈ। ਪਰਵਿਰਤ ਨਰਵਿਰਤ ਦੋਵੇਂ ਬਾਦ-ਬਿਵਾਦੀਆਂ ਹਠੀਆਂ ਦੇ ਹਠ ਬੰਨੇ ਹਨ। ਵੇਦਾਚਾਰੀ ਧਰਮ ਇਹਨਾਂ ਹਠਾਵਾਂ ਦਾ ਰਹਿਬਰ ਬਸੀਠ ਬਣਿਆ ਹੋਇਆ ਹੈ। ਇਹਨਾਂ ਦੋਹਾਂ ਪੱਖਾਂ ਵਾਲੇ ਹਠੀਏ ਦੋਵੇਂ ਹੀ ਮਨਮੁਖ ਕੱਚੇ ਕੂੜਿਆਰ ਹਨ। ਪਰਵਿਰਤ ਨਰਵਿਰਤੀ ਪੱਖ ਦੇ ਤ੍ਰੈਗੁਣੀ ਕਰਮ ਕਰਨੇ ਹੀ ਇਹਨਾਂ ਦਾ ਆਪੋ ਆਪਣਾ ਧਰਮ ਹੈ। ਪਰ ਕਚ-ਘੜਤ, ਕੂੜਿਆਰਾਂ ਵਾਲਾ ਹੀ ਧਰਮ ਹੈ। ਮਨਮੁਖ ਮਾਇਆਧਾਰੀ ਧਾਤ-ਕਰੰਮੀ ਧਰਮ ਹੀ ਹੈ। ਇਸੇ ਕਰਕੇ ਇਹ ਮਨਮੁਖ ਧਾਤ-ਕਰੰਮੀ ਪਰਵਿਰਤ ਨਰਵਿਰਤੀ ਕਚ ਕੂੜ-ਕਰੰਮੀ ਤ੍ਰੈਗੁਣਾ-ਚਾਰੀ ਨੂੰ ਨਿਸਚੇ ਕਰਕੇ ਅਗੇ ਧਰਮਰਾਇ ਕੋਲ ਜਾਣਾ ਹੋਵੇਗਾ ਅਤੇ ਨਿਸਚੇ ਕਰਕੇ ਜ਼ਰੂਰ ਹੀ ਅਗਲੀ ਦਰਗਾਹਿ ਜਾ ਕੇ ਹਾਰਨਾ ਪਵੇਗਾ। ਦੋਹਾਂ ਪੱਖਾਂ ਦੇ ਤ੍ਰੈਗੁਣੀ ਮਾਇਆ-ਧਾਤਵੀ ਕਰਮ ਨਿਹਫਲ ਜਾਣਗੇ। ਅਗੇ ਜਾ ਕੇ ਸਹਾਈ ਨਹੀਂ ਹੋਣਗੇ। ਪਰੰਤੂ ਗੁਰਮਤਿ ਦੁਆਰਾ ਜਿਨ੍ਹਾਂ ਗੁਰਮੁਖਾਂ, ਗੁਰਸ਼ਬਦ-ਸੁਰਤੀਸ਼ਰਾਂ ਸੂਰਮਿਆਂ ਨੇ ਅਟੁਟ ਨਾਮ ਅਭਿਆਸ ਕਮਾਈਆਂ ਦੀ ਬਾਜੀ ਲਾਈ ਹੈ ਅਤੇ ਗੁਰਮਤਿ ਦੇ ਧੜਮੱਲ ਸੂਰਮੇ ਹੋ ਕੇ ਜਿਨ੍ਹਾਂ ਨੇ ਜਿਣ ਬਾਜੀ ਦਾ ਸਚਾ ਪਿੜ ਮਲਿਆ ਹੈ, ਉਹੀ ਸੂਰਮੇ ਜਿਣ ਬਾਜੀ ਲੈ ਜਾਣਗੇ। ਸੱਚੇ ਸੂਰਮੇ ਉਹੀ ਗੁਰਮੁਖ ਜਨ ਗੁਰਸ਼ਬਦ ਅਭਿਆਸ ਕਮਾਈਆਂ ਵਾਲੇ ਹਨ ਜਿਨ੍ਹਾਂ ਨੇ ਸ਼ਬਦ-ਕਮਾਈਆਂ ਦੀਆਂ ਸੂਰਮਤਾਈਆ ਕਰਿ ਕਰਿ ਕਾਮ ਕ੍ਰੋਧ ਆਦਿ ਪੰਜਾਂ ਦੂਤਾਂ ਨੂੰ ਮਾਰ ਕੇ ਮਲ ਦਲ ਛਡਿਆ ਹੈ। ਉਹ ਸੂਰਮੇ ਸੱਚੇ ਵਾਹਿਗੁਰੂ ਦੇ ਸੱਚੇ ਮਹਲ ਦਰਬਾਰ ਅੰਦਰਿ ਸ਼ਬਦ-ਸੰਵਾਰੇ ਅਤੇ ਸ਼ਬਦ-ਸ਼ੀਂਗਾਰੇ ਹੀ ਸੁਰਖ਼ਰੂ ਹੋ ਕੇ ਉਜਲ ਮੁਖ ਲੈ ਕੇ ਜਾਣਗੇ। ਸੱਚੇ ਗੁਰਮਤਿ ਨਾਮ ਦੇ ਪਿਆਰ ਪਿਰੰਮੀ ਗੁਰਮੁਖ ਭਗਤ ਜਨ ਹੀ ਸੱਚੇ ਵਾਹਿਗੁਰੂ ਨੂੰ ਭਾਵੰਦੇ ਹਨ, ਕਿਉਂਕਿ ਉਹ ਸੱਚੇ ਪਿਆਰ ਹਿਤਕਾਰ ਸੇਤੀ ਸੱਚੀ ਸ਼ਰਧਾ ਭਾਵਨਾ ਭਗਤਿ ਸੇਤੀ ਮਨੋਂ ਤਨੋਂ ਗੁਰਮਤਿ ਨਾਮ ਦੀਆਂ ਸੱਚੀਆਂ ਅਭਿਆਸ ਕਮਾਈਆਂ ਕਰਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਜੋ ਇਕੋ ਗੁਰੂ ਗੁਰੂਆਂ ਸਿਰਿ ਗੁਰੂ ਵਾਹਿਗੁਰੂ ਦੀ ਸਿਮਰਨ ਭਗਤੀ ਸਿਫਤਿ ਸਾਲਾਹ ਰੂਪੀ ਸੇਵਾ ਕਰਦੇ ਹਨ ਤਿਨ੍ਹਾਂ ਵਿਟੁੰਹ ਮੈਂ ਵਾਰੇ ਵਾਰੇ, ਕੁਰਬਾਨੇ ਕੁਰਬਾਨੇ, ਘੋਲੇ ਘੋਲੇ, ਖੰਨੀਐ ਖੰਨੀਐ ਜਾਂਦਾ ਹੈ। (ਚਲਦਾ)

ਜੋ ਬਣ ਜਾਂਦੈ ਤੇਰੇ ਜੋਗਾ, ਕਿਸੇ ਦਾ ਰਹਿੰਦਾ ਨਹੀਂ ਮੁਥਾਜ।
ਪਲ ਪਲ ਉਸ ਦੀ ਸਾਰ ਸਮਾਲੇਂ, ਆਪ ਸਵਾਰੇਂ ਉਸ ਦੇ ਕਾਜ।
ਸਿੱਖ ਰਹੇ ਜੋ ਰਹਿਤਾਂ ਅੰਦਰ, ਉਹ ਤੇਰਾ, ਤੂੰ ਉਸ ਦੇ ਜੋਗਾ।
ਭੁਲਨਹਾਰ ਹਾਂ ਫਿਰ ਵੀ ਤੇਰੇ, ਬਿਰਦ ਬਾਣੇ ਦੀ ਰੱਖੀਂ ਲਾਜ।


www.AKJ.Org

" ਤਾਂ ਤੇ ਗੁਰੂ ਪੰਥ ਦਾ ਨਾਰ ਯੁਵਤੀ ਹਿੱਸਾ ਹਰ ਦਮ ਨਿਤਾ ਪ੍ਰਤਿ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਨਾ ਫੁਰਮਾਨੀ ਕਰਨ ਕਰਕੇ ਕੁਰਹਿਤੀਆ ਹੀ ਰਹਿੰਦਾ ਹੈ। ਜਿਸ ਸੀਸ ਦੇ ਦਸਮ ਦੁਆਰ ਵਿਖੇ ਸ੍ਰੀ ਕਲਗੇਸ਼ ਸੁੰਦ੍ਰੇਸ਼ ਦਾ ਖੰਡੇ ਦਾ ਅੰਮ੍ਰਿਤ ਪਰਵੇਸ਼ ਹੁੰਦਾ ਹੈ, ਉਸ ਪਵਿੱਤਰ ਦਸਮ ਦੁਆਰ ਨੂੰ, ਸਾਰੇ ਸਰੀਰ ਦੇ ਸ਼੍ਰੋਮਣੀ ਹਿੱਸੇ ਨੂੰ, "ਸਾਬਤਸੂਰਤਿ ਦਸਤਾਰ ਸਿਰਾ" ਦੇ ਹੁਕਮ ਅਨੁਸਾਰ ਸੰਵਾਰ ਸਜਾ ਕੇ ਨਾ ਰੱਖਣਾ ਗੁਰੂ ਸਾਹਿਬ ਦੀ ਨਾ ਸਿਰਫ ਹੁਕਮ ਅਦੂਲੀ ਹੀ ਹੈ, ਬਲਕਿ ਪਵਿਤ੍ਰ ਅੰਮ੍ਰਿਤ-ਸਿੰਚਰੇ ਕੇਸਾਂ ਦੀ ਬੇਅਦਬੀ ਹੈ।" (ਭਾਈ ਸਾ: ਭਾ: ਰਣਧੀਰ ਸਿੰਘ ਜੀ ਲਿਖਤ ਸਿੰਘਾ ਦਾ ਪੰਥ ਨਿਰਾਲਾ, ਪੰਨਾ 8)

## ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ। 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਬਿਨਾਂ ਕਿਸੇ ਐਡਰੈਸ ਲਿਖੇ ਤਿੰਨ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD 279 29 ਸਾਲਾ ਕੱਦ 5'2", D.H.M.S. ਪਾਸ ਹੋਮਿਓਪੈਥਿਕ ਡਾਕਟਰ ਆਪਣਾ ਕਲੀਨਿਕ ਚਲਾ ਰਹੀ ਬੀਬੀ ਵਾਸਤੇ ਯੋਗ ਪੜ੍ਹੇ ਲਿਖੇ ਵਰ ਦੀ ਲੋੜ ਹੈ।

LD 280 29 ਸਾਲਾ ਕੱਦ 167 ਸੈਂਟੀਮੀਟਰ ਪੱਕੇ ਤੌਰ ਤੇ ਅਮਰੀਕਨ ਨਾਗਰਿਕ 70000/- ਡਾਲਰ ਪ੍ਰਤੀ ਸਾਲ ਕਮਾ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD 281 25 ਸਾਲਾ ਕੱਦ 5'10" ਅੰਡਰ ਮੈਟ੍ਰਿਕ ਆਪਣਾ ਤਰਖਾਣਾ ਕੰਮ ਕਰਦੇ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 282- 29 ਸਾਲਾ ਕੱਦ 5'5", ਬੀ. ਏ. ਪਾਸ, ਆਪਣਾ ਪੱਤਰਕਾਰੀ ਦਾ ਕੰਮ ਕਰਦੇ 6000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 283 22 ਸਾਲਾ ਕੱਦ 5'9" ਮਿਡਲ ਪਾਸ 3000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।।

### ਸੂਰਾ ਸਹਾਇਤਾ

| | |
|---|---|
| 1. ਸ: ਮਨਧੀਰ ਸਿੰਘ - | ੫੦/- |
| 2. ਗੁਪਤ- | ੨੦/- |
| 3. ਜੀ. ਜੀ. ਐਸ. ਖਾਲਸਾ ਹਾਈ ਸਕੂਲ | ੫੦/- |

### ਫ੍ਰੀ ਲਿਟ੍ਰੇਚਰ ਫੰਡ ਲਈ ਪ੍ਰਜੀ ਸਹਾਇਤਾ

| | |
|---|---|
| ਗੁਪਤ- | ੧੦੦/- |
| ਗੁਪਤ- | ੫੦/- |

'ਸੂਰਾ' ਮਾਸਿਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ (ਰੂਲ ੮)

੧. ਪ੍ਰਕਾਸ਼ਨ ਅਸਥਾਨ........................................ ਲੁਧਿਆਣਾ

੨. ਪ੍ਰਕਾਸ਼ਨ ਸਮਾਂ ................................................ ਮਾਸਕ ਪੱਤਰ।

੩. ੪. ੫. ਪ੍ਰਿੰਟਰ ਪਬਲਿਸ਼ਰ ਸੰਪਾਦਕ................ਹਰਬੰਸ ਸਿੰਘ, ਭਾਰਤੀ।

੬. ਮਾਲਕ.............................. ਅਖੰਡ ਕੀਰਤਨੀ ਜੱਥਾ

ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਕਾ ਬਾਗ, ਅੰਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਾਰੀਖ਼ 1.4.99

ਦਸਖ਼ਤ
ਹਰਬੰਸ ਸਿੰਘ

www.AKJ.Org

"ਬੱਸ ਗੁਰਸਿਖ ਜਗਿਆਸੂ ਜੇ ਕਰ ਪਤਿਤ ਹੋਣੋਂ ਬਚ ਸਕਦਾ ਹੈ ਤਾਂ ਕੇਵਲ ਗੁਰੂ ਦੀ ਓਟ ਲਇਆਂ ਅਤੇ ਗੁਰੂ ਹੁਕਮਾ ਅਨੁਸਾਰ ਕਮਾਈਆਂ ਕਰਿ, ਖਿਨ ਖਿਨ ਗੁਰਦੀਖਿਆ ਨੂੰ ਮੁਖ ਰੱਖਦਿਆਂ ਹੀ ਗੁਰੂ ਦੀ ਮੇਹਰ ਨਾਲ ਬਚ ਸਕਦਾ ਹੈ। ਪਤਿਤ ਹੋਣੋਂ ਬਚਣਾ ਅਤੇ ਪਤਿਤ ਹੋਣ ਤੋਂ ਬਚਣ ਦੀਆ ਗੁਰ-ਉਪਦੇਸ਼ ਅਉਖਧੀਆਂ ਵਰਤਣਾ ਗੁਰਸਿਖ ਦਾ ਪਰਮ ਲਾਜ਼ਮੀ ਫ਼ਰਜ ਹੈ। ਇਸ ਫ਼ਰਜ਼ ਤੋਂ ਅਵੇਸਲੇ ਹੋਇਆਂ ਗੁਰਸਿਖੀਉਂ ਪਤਿਤ ਹੋਣ ਦਾ ਖਿਨ ਖਿਨ ਖ਼ਤਰਾ ਹੈ।" (ਭਾਈ ਸਾ: ਭਾ: ਰਣਧੀਰ ਸਿੰਘ ਜੀ ਲਿਖਤ ਅੰਮ੍ਰਿਤ ਕਲਾ, ਪੰਨਾ 55)

## ਪਿੰਡ ਮਲੋਆ (ਚੰਡੀਗੜ੍ਹ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਗੁਰੂ ਨਾਨਕ ਦਰਬਾਰ ਮਲੋਆ ਵਿਖੇ ਸਨੀਵਾਰ 10 ਅਪ੍ਰੈਲ ਸਵੇਰ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ 1 ਵਜੇ ਤਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

ਨੋਟ : ਪਿੰਡ ਮਲੋਆ ਲਈ ਚੰਡੀਗੜ੍ਹ ਤੋਂ ਲੋਕਲ ਬੱਸ ਨੰ: 28 ਏ. 28 ਬੀ. 28 ਸੀ. 28 ਡੀ. ਅਤੇ 32 ਹਰ 15 ਮਿੰਟ ਬਾਦ ਮਿਲਦੀਆ ਹਨ। ਖਰੜ ਤੋਂ ਟੈਂਪੂ ਵੀ ਚੱਲਦੇ ਹਨ।

## ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

12 ਅਪ੍ਰੈਲ ਸਵੇਰੇ 5 ਤੋਂ 8 ਕੀਰਤਨ ਸ੍ਰੀ ਆਸਾ ਦੀ ਵਾਰ, ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁਰਦੁਆਰਾ ਸ਼ਹੀਦ ਗੰਜ ਰੇਲਵੇ ਬੀ-ਬਲਾਕ ਵਿਖੇ। 13 ਅਪ੍ਰੈਲ ਸ਼ਾਮ 6 ਤੋਂ 9 ਅਖੰਡ ਕੀਰਤਨ ਗੁ: ਪਿਪਲੀ ਸਾਹਿਬ ਪੁਤਲੀਘਰ ਵਿਖੇ। 14 ਅਪ੍ਰੈਲ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਸ਼ਹੀਦ ਗੰਜ ਵਿਖੇ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ :- 14 ਅਪ੍ਰੈਲ ਸ਼ਾਮ 7 ਵਜੇ ਆਰੰਭ ਗੁ: ਸ਼ਹੀਦ ਗੰਜ ਵਿਖੇ।

ਰਿਹਾਇਸ਼ ਤੇ ਲੰਗਰ :- ਗੁਰਦੁਆਰਾ ਸ਼ਹੀਦ ਗੰਜ ਵਿਖੇ।

## 300 ਸਾਲਾ ਖਾਲਸਾ ਸਾਜਨਾ ਦਿਵਸ ਤੇ ਅਨੰਦਪੁਰ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ

12 ਅਪ੍ਰੈਲ 1999 ਸਵੇਰੇ 4.30 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਕਲਗੀਧਰ ਕੀਰਤਨ ਦਰਬਾਰ ਵਿਖੇ। 13 ਅਪ੍ਰੈਲ 1999 ਸਵੇਰੇ ਆਸਾ ਦੀ ਵਾਰ 6 ਵਜੇ ਤੋਂ, ਦੁਪਹਿਰ ਤੱਕ ਉਸੇ ਅਸਥਾਨ ਵਿਖੇ ਹੀ। 13ਅਪ੍ਰੈਲ ਸ਼ਾਮ 6ਤੋਂ8.30 ਕੀਰਤਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ। 14 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਅਤੇ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਕਲਗੀਧਰ ਦਰਬਾਰ ਵਿਖੇ ਹੀ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਵੀ ਇਸੇ ਅਸਥਾਨ ਤੇ ਹੀ ਹੋਵੇਗਾ।

## ਨਾਰੰਗਵਾਲ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਤਪ ਅਸਥਾਨ 'ਢਾਬ' ਨੇੜੇ ਗੁਰਦੁਆਰਾ ਅਕਾਲੀ ਵਾਲਾ ਨਾਰੰਗਵਾਲ ਵਿਖੇ 1 ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

## ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ

ਪੰਚਮੀ ਦੇ ਮਾਸਿਕ ਜੋੜ ਮੇਲੇ ਤੇ 19 ਅਪ੍ਰੈਲ ਸੋਮਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਗੁ: ਬਿਬੇਕਸਰ (ਸ੍ਰੀ ਅੰਮ੍ਰਿਤਸਰ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 24 ਅਪ੍ਰੈਲ ਰਾਤ ਨੂੰ

ਕਥਾ ਅਸਥਾਨ ਦਰਬਾਰ ਸਾਹਿਬ ਤਰਨਤਾਰਨ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ–ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਵਤਾਰ ਪੁਰਬ ਤੇ 8 ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ।


www.AKJ.Org